# ਸੰਖੇਪ ਇਤਿਹਾਸ

ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦਾ ਉਲੇਖ ਐਨਸਾਈਕਲੋਪੀਡੀਆ ਬ੍ਰਿਟੇਨਿਕਾ ਦੀ ਜਿਲਦ ਤਿੰਨ, ਪੰਨਾ 564 ਤੇ ਕੀਤਾ ਗਿਆ ਹੈ ਅਤੇ ਇਹ ਪੰਜਾਬ ਦੇ ਦੱਖਣੀ ਮਾਲਵੇ ਦਾ ਪੁਰਾਣਾ ਅਤੇ ਪ੍ਰਸਿੱਧ ਵਿੱਦਿਅਕ ਕੇਂਦਰ ਹੈ। ਵਿੱਦਿਆ ਦਾ ਇਹ ਦੀਵਾ 1904 ਵਿੱਚ ਇੱਕ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਹੋਕੇ 1940 ਵਿੱਚ ਰਾਜਿੰਦਰਾ ਇੰਟਰਮੀਡੀਏਟ ਕਾਲਜ ਬਣ ਗਿਆ। ਵੱਖ-ਵੱਖ ਸਮੇਂ ਕੋਰਸਾਂ ਵਿੱਚ ਵਾਧਾ ਹੋਕੇ ਮੌਜੂਦਾ ਸਮੇਂ ਇੱਥੇ ਡਿਗਰੀ ਪੱਧਰ ਤੱਕ ਆਰਟਸ, ਸਾਇੰਸ, ਕਾਮਰਸ, ਬੀ.ਐਸ.ਸੀ (ਆਨਰਜ਼ ਸਕੂਲ ਇਨ ਇਕਨਾਮਿਕਸ) ਅਤੇ ਐਮ.ਏ. ਪੋਲੀਟੀਕਲ ਸਾਇੰਸ ਦੀਆਂ ਕਲਾਸਾਂ ਚੱਲ ਰਹੀਆਂ ਹਨ। ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ ਵਿੱਚ ਬੀ.ਬੀ.ਏ., ਬੀ.ਸੀ.ਏ. ਅਤੇ ਬੀ.ਐਸ.ਸੀ. (ਬਾਇਓਟੈੱਕ), ਐਮ.ਏ.-ਹਿਸਟਰੀ, ਫਿਲਾਸਫੀ ਅਤੇ ਐਮ.ਐਸ.ਸੀ. (ਮੈਥ ਅਤੇ ਫਿਜ਼ਿਕਸ) ਦੇ ਨਾਲ-ਨਾਲ ਹੋਟਲ ਮੈਨੇਜਮੈਂਟ ਦੇ ਕੋਰਸਾਂ ਦੀ ਪੜ੍ਹਾਈ ਕਰਵਾਈ ਜਾ ਰਹੀ ਹੈ। ਇਸ ਵਰ੍ਹੇ ਕੁੱਲ ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ 4271 ਹੈ। ਇਹਨਾਂ ਵਿੱਚ 2254 ਲੜਕੇ, 2017 ਲੜਕੀਆਂ ਹਨ।

2015-16 ਦੇ ਵਿੱਦਿਅਕ ਵਰ੍ਹੇ ਦੌਰਾਨ ਕਾਲਜ ਨੇ ਬਹੁਤ ਸਾਰੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਇਹਨਾਂ ਪ੍ਰਾਪਤੀਆਂ/ਗਤੀਵਿਧੀਆਂ ਦੀ ਰਿਪੋਰਟ ਇਸ ਪ੍ਰਕਾਰ ਹੈ:-

## ਅਕਾਦਮਿਕ ਪ੍ਰਾਪਤੀਆਂ

ਹਰ ਸਾਲ ਦੀ ਤਰ੍ਹਾਂ ਸਾਡੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਪ੍ਰੈਲ 2015 ਦੀ ਪ੍ਰੀਖਿਆ ਵਿੱਚ ਉੱਤਮ ਸਥਾਨ ਪ੍ਰਾਪਤ ਕੀਤੇ। ਮਨਦੀਪ ਕੌਰ ਐਮ.ਏ. ਭਾਗ ਦੂਜਾ ਨੂੰ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ, ਮਨੀਸ਼ਾ ਬੀ.ਐਸ.ਸੀ ਭਾਗ ਤੀਜਾ ਨੂੰ ਯੂਨੀਵਰਸਿਟੀ ਵਿੱਚੋਂ ਤੀਸਰਾ ਸਥਾਨ, ਆਰਤੀ ਬੀ.ਐਸ.ਸੀ. ਭਾਗ ਤੀਜਾ ਨੂੰ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ, ਜਸਪ੍ਰੀਤ ਕੌਰ ਬੀ.ਐਸ.ਸੀ. ਭਾਗ ਤੀਜਾ ਨੂੰ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ ਹਾਸਲ ਕਰਨ ਤੇ ਕਾਲਜ ਦਾ ਸਰਵੋਤਮ ਸਨਮਾਨ ਰੋਲ ਆਫ਼ ਆਨਰ ਪ੍ਰਦਾਨ ਕੀਤਾ ਗਿਆ।ਮਨਦੀਪ ਕੌਰ ਐਮ.ਏ. ਭਾਗ ਦੂਜਾ ਨੇ ਅੱਠਵਾਂ, ਹਰਸ਼ਪ੍ਰੀਤ ਕੌਰ ਬੀ.ਐਸ.ਸੀ. ਭਾਗ ਦੂਜਾ ਛੇਵਾਂ, ਪੂਜਾ ਰਾਣੀ ਬੀ.ਐਸ.ਸੀ. ਭਾਗ ਦੂਜਾ ਸੱਤਵਾਂ, ਮੋਨਿਕਾ ਗਰਗ ਬੀ.ਐਸ.ਸੀ ਭਾਗ ਪਹਿਲਾ ਦਸਵਾਂ ਸਥਾਨ ਹਾਸਲ ਕਰਕੇ ਕਾਲਜ ਕਲਰ ਦੀਆਂ ਹੱਕਦਾਰ ਹੋਈਆਂ ।

## ਕਨਵੋਕੇਸ਼ਨ ਅਤੇ ਸਾਲਾਨਾ ਇਨਾਮ ਵੰਡ ਸਮਾਰੋਹ

ਮਿਤੀ 26 ਮਾਰਚ 2016 ਨੂੰ ਕਾਲਜ ਵਿੱਚ ਕਨਵੋਕੇਸ਼ਨ ਅਤੇ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮਾਨਯੋਗ ਸ. ਸੁਰਜੀਤ ਸਿੰਘ ਰੱਖੜਾ, ਕੈਬਨਿਟ ਮੰਤਰੀ ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਜਲ ਸਪਲਾਈ ਅਤੇ ਸੈਨੀਟੇਸ਼ਨ ਨੇ ਮੁੱਖ ਮਹਿਮਾਨ ਅਤੇ ਸ਼੍ਰੀ ਸਰੂਪ ਚੰਦ ਸਿੰਗਲਾ, ਪ੍ਰਮੁੱਖ ਸੰਸਦੀ ਸਕੱਤਰ ਕਰ ਅਤੇ ਆਬਕਾਰੀ ਵਿਭਾਗ ਨੂੰ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ । ਕਨਵੋਕੇਸ਼ਨ ਸਮੇਂ ਸਾਲ 2013-14 ਵਿੱਚ 60% ਤੋਂ ਵੱਧ ਅੰਕ ਹਾਸਲ ਕਰਨ ਵਾਲੇ 335 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ

ਇਨਾਮ ਵੰਡ ਸਮਾਰੋਹ ਵਿੱਚ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਸਦਕਾ ਅਕਾਦਮਿਕ ਵਿੱਚ 04, ਸਪੋਰਟਸ ਵਿੱਚ 08 ਅਤੇ ਐਨ.ਐਸ.ਐਸ. ਵਿੱਚ 01, ਐਨ.ਸੀ.ਸੀ. ਵਿੱਚ 01 ਵਿਦਿਆਰਥੀ ਰੋਲ ਆਫ਼ ਆਨਰ ਅਤੇ ਅਕਾਦਮਿਕ ਵਿੱਚ 04, ਸੱਭਿਆਚਾਰਕ ਵਿੱਚ 22, ਸਪੋਰਟਸ ਵਿੱਚ 40, ਐਨ.ਐਸ.ਐਸ. ਵਿੱਚ 02 ਅਤੇ ਐਨ.ਸੀ.ਸੀ. ਵਿੱਚ 02 ਵਿਦਿਆਰਥੀਆਂ ਨੂੰ ਕਾਲਜ ਕਲਰ ਪ੍ਰਦਾਨ ਕੀਤੇ ਗਏ।ਇਸ ਤੋਂ ਇਲਾਵਾ 47 ਵਿਦਿਆਰਥੀ ਅਕਾਦਮਿਕ, 20 ਵਿਦਿਆਰਥੀ ਸੱਭਿਆਚਾਰਕ, 21 ਵਿਦਿਆਰਥੀ ਐਨ.ਐਸ.ਐਸ., 02

ਐਨ.ਸੀ.ਸੀ. ਅਤੇ 08 ਵਿਦਿਆਰਥੀ ਕਾਲਜ ਮੈਗਜ਼ੀਨ ਲਈ ਮੈਰਿਟ ਸਰਟੀਫਿਕੇਟ ਅਤੇ 24 ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਵਿਚੋਂ, 08 ਵਿਦਿਆਰਥੀ ਸਪੈਸ਼ਲ ਇਨਾਮ ਦੇ ਹੱਕਦਾਰ ਹੋਏ । ਮੁੱਖ ਮਹਿਮਾਨ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਵਿਦਿਆਰਥੀਆਂ ਨੂੰ ਸਹੀ ਰਾਹ ਤੇ ਚੱਲਣ ਅਤੇ ਮਿਹਨਤ ਕਰਨ ਲਈ ਪ੍ਰੇਰਿਆ ।

## ਸੱਭਿਆਚਾਰਕ ਗਤੀਵਿਧੀਆਂ

ਯੂਥ ਕੋ-ਆਰਡੀਨੇਟਰ ਪ੍ਰੋ. ਅਮਲਾ ਸ਼ਰਮਾ ਦੀ ਅਗਵਾਈ ਹੇਠ ਸੱਭਿਆਚਾਰਕ ਖੇਤਰ ਵਿੱਚ ਕਾਲਜ ਦੀਆਂ ਅਨੇਕ ਸ਼ਲਾਘਾਯੋਗ ਪ੍ਰਾਪਤੀਆਂ ਇਸ ਪ੍ਰਕਾਰ ਹਨ:-

ਖੇਤਰੀ ਯੁਵਕ ਮੇਲਾ - ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਿਤੀ 05 ਅਕਤੂਬਰ ਤੋਂ 07 ਅਕਤੂਬਰ 2015 ਨੂੰ ਗੁਰੂਕੁਲ ਕਾਲਜ, ਬਠਿੰਡਾ ਵਿਖੇ ਕਰਵਾਏ ਗਏ ਬਠਿੰਡਾ ਜ਼ੋਨ ਦੇ ਖੇਤਰੀ ਯੁਵਕ-ਮੇਲੇ ਵਿੱਚ ਕਾਲਜ ਨੇ ਅੱਠ ਆਇਟਮਾਂ - ਕੁਇਜ਼, ਫੋਕ ਆਰਕੈਸਟਰਾ, ਵੈਸਟਰਨ ਇੰਸਟਰੂਮੈਂਟ, ਫੋਟੋਗ੍ਰਾਫੀ,ਪੋਸਟਰ ਮੇਕਿੰਗ, ਕਾਰਟੂਨਿੰਗ, ਵਾਦ-ਵਿਵਾਦ ਅਤੇ ਵੈਸਟਰਨ ਸੋਲੋ ਵਿੱਚ ਪਹਿਲਾ ਸਥਾਨ ਅਤੇ 6 ਆਇਟਮਾਂ - ਪ੍ਰਕਸ਼ਨ, ਨਾਨ-ਪ੍ਰਕਸ਼ਨ, ਕਲਾਸੀਕਲ ਡਾਂਸ, ਗਿੱਧਾ, ਵੈਸਟਰਨ ਗਰੁੱਪ-ਸਾਂਗ ਅਤੇ ਮਮਿੱਕਰੀ ਵਿੱਚ ਦੂਜਾ ਸਥਾਨ ਅਤੇ 4 ਆਇਟਮਾਂ - ਕਲਾਸੀਕਲ ਵੋਕਲ, ਕਲੇਅ ਮਾਡਲਿੰਗ, ਮੌਕੇ ਤੇ ਚਿੱਤਰਕਾਰੀ ਅਤੇ ਨਾਟਕ ਵਿੱਚ ਤੀਜਾ ਸਥਾਨ ਹਾਸਲ ਕੀਤਾ। ਨਾਟਕ ਵਿੱਚ ਬੈਸਟ ਅਦਾਕਾਰਾ ਦਾ ਐਵਾਰਡ ਵੀ ਕਾਲਜ ਦੀ ਵਿਦਿਆਰਥਣ ਰੁਪਿੰਦਰ ਕੌਰ ਨੂੰ ਮਿਲਿਆ। ਇਸ ਤਰ੍ਹਾਂ ਕਾਲਜ ਨੇ 58 ਕਾਲਜਾਂ ਦਾ ਮੁਕਾਬਲਾ ਕਰਦੇ ਹੋਏ 66 ਅੰਕ ਪ੍ਰਾਪਤ ਕਰਕੇ ਓਵਰ ਆਲ ਪਹਿਲੀ ਪੁਜੀਸ਼ਨ ਹਾਸਲ ਕੀਤੀ। ਕਾਲਜ ਨੇ ਓਵਰ ਆਲ ਮਿਊਜ਼ਿਕ,ਡਾਂਸ, ਕੁਇਜ਼, ਫਾਈਨ ਆਰਟਸ ਮੁਕਾਬਿਲਆਂ ਵਿੱਚ ਵੀ ਟਰਾਫੀਆਂ ਜਿੱਤੀਆਂ।

**ਅੰਤਰ-ਖੇਤਰੀ ਯੁਵਕ ਮੇਲਾ** - ਮਿਤੀ 16 ਤੋਂ 18 ਨਵੰਬਰ, 2015 ਨੂੰ ਯੂਨੀਵਰਸਿਟੀ ਕੈਂਪਸ ਵਿੱਚ ਅੰਤਰ-ਖੇਤਰੀ ਯੁਵਕ ਮੁਕਾਬਲੇ ਵਿੱਚ ਪੋਸਟਰ ਮੇਕਿੰਗ ਵਿੱਚ ਲਖਵਿੰਦਰ ਸਿੰਘ ਨੇ ਗੋਲਡ ਮੈਡਲ ਹਾਸਲ ਕੀਤਾ ਅਤੇ ਕੁਇਜ਼, ਫੋਕ ਆਰਕੈਸਟਰਾ ਅਤੇ ਡਿਬੇਟ ਦੀਆਂ ਟੀਮਾਂ ਨੇ ਤੀਜਾ ਸਥਾਨ ਹਾਸਲ ਕੀਤਾ।

**ਵਿਦਿਆਰਥੀ ਸਨਮਾਨ** - ਕਾਲਜ ਦੇ ਵਿਦਿਆਰਥੀ ਅਮਿਤ ਸ਼ਰਮਾ ਅਤੇ ਲਖਵਿੰਦਰ ਸਿੰਘ ਨੂੰ ਅਜ਼ਾਦੀ ਦਿਵਸ ਦੇ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਜਿੱਤਾਂ ਹਾਸਲ ਕਰਨ ਲਈ ਸਨਮਾਨਿਤ ਕੀਤਾ ਗਿਆ।

**ਯੰਗ ਮੰਚ ਪ੍ਰੋਗਰਾਮ** - ਮਿਤੀ 17-09-2015 ਕਾਲਜ ਦੀ ਇੱਕ ਵਿਦਿਆਰਥਣ ਗੁਰਮਨ ਕੌਰ ਨੇ ਵੀਡੀਓਕੌਨ ਟੈਲੀਕਾਮ ਟੀ.ਵੀ. ਦੁਆਰਾ ਆਯੋਜਿਤ ਯੰਗ ਮੰਚ ਪ੍ਰੋਗਰਾਮ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਮਿਤੀ 26-10-2015 ਨੂੰ ਸਟੇਟ ਬੈਂਕ ਆਫ ਇੰਡੀਆ ਦੇ ਸਹਿਯੋਗ ਨਾਲ ਆਯੋਜਿਤ ਭਾਸ਼ਣ ਮੁਕਾਬਲੇ ਵਿੱਚ ਕਾਲਜ ਦੇ ਵਿਦਿਆਰਥੀ ਹਰਸ਼ਪ੍ਰੀਤ ਕੌਰ, ਪੁਲਕਿਤ ਵਾਲੀਆ, ਦਾਮਿਨੀ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।

**ਅੰਤਰ ਕਾਲਜ ਕੁਇਜ਼ ਮਕਾਬਲੇ**-ਮਿਤੀ 06-11-2015 ਨੂੰ ਬਾਬਾ ਫਰੀਦ ਕਾਲਜ ਦਿਓਣ ਵਿਖੇ ਹੋਏ ਅੰਤਰ ਕਾਲਜ ਕੁਇਜ਼ ਮੁਕਾਬਲਿਆਂ ਵਿੱਚ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ।

ਮਿਤੀ 17-03-16 ਨੂੰ ਵਿਭਾਗ ਦੇ 3 ਵਿਦਿਆਰਥੀਆਂ ਅਮਨ, ਪੁਲਕਿਤ ਵਾਲੀਆ ਅਤੇ ਅਨੂ ਕੁਮਾਰੀ ਨੇ ਰਾਜ-ਪੱਧਰੀ ਲੇਖ ਲਿਖਣ ਮੁਕਾਬਲੇ ਵਿੱਚ ਭਾਗ ਲਿਆ ।

ਮਿਤੀ 11-13 ਮਾਰਚ, 2016 ਨੂੰ 'Art of Living '(NGO) ਵੱਲੋਂ ਆਯੋਜਿਤ ਵਰਲਡ ਕਲਚਰ ਫੈਸਟੀਵਲ ਵਿੱਚ ਕਾਲਜ ਦੇ ਸੰਗੀਤ ਵਿਭਾਗ ਅਤੇ ਭੰਗੜੇ ਦੇ ਕੁੱਲ 35 ਵਿਦਿਆਰਥੀਆਂ ਨੇ ਭਾਗ ਲਿਆ ।

## ਸਾਲਾਨਾ ਖੇਡ ਪ੍ਰਾਪਤੀਆਂ

ਕਾਲਜ ਦਾ ਸਾਲਾਨਾ ਖੇਡ ਸਮਾਰੋਹ ਮਿਤੀ 01 ਅਤੇ 02 ਮਾਰਚ, 2016 ਨੂੰ ਕਰਵਾਇਆ ਗਿਆ। ਉਦਘਾਟਨ ਸਮਾਰੋਹ ਦੇ ਮੁੱਖ ਮਹਿਮਾਨ ਪ੍ਰੋ. ਦਰਸ਼ਨ ਸਿੰਘ, ਪ੍ਰਿੰਸੀਪਲ ਮਾਲਵਾ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਬਠਿੰਡਾ

ਸਨ। ਜੇਤੂ ਖਿਡਾਰੀਆਂ ਨੂੰ ਮੁੱਖ ਮਹਿਮਾਨ ਡਾ. ਨਿਸ਼ਾਨ ਸਿੰਘ ਦਿਓਲ, ਮੁਖੀ ਸਰੀਰਕ ਸਿੱਖਿਆ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਨੇ ਇਨਾਮ ਤਕਸੀਮ ਕੀਤੇ। ਸੁਖਪ੍ਰੀਤ ਸਿੰਘ ਬੀ.ਏ ਭਾਗ ਦੂਜਾ ਅਤੇ ਰਮਨਦੀਪ ਕੌਰ ਬੀ.ਐਸ.ਸੀ (ਇਕਨਾਮਿਕਸ) ਭਾਗ ਤੀਜਾ ਬੈਸਟ ਐਥਲੀਟ ਐਲਾਨੇ ਗਏ। ਸਾਲ 2015-16 ਦੌਰਾਨ ਕਾਲਜ ਨੇ ਖੇਡਾਂ ਦੇ ਖੇਤਰ ਵਿੱਚ ਅੰਤਰਰਾਸ਼ਟਰੀ, ਰਾਸ਼ਟਰੀ, ਸਰਵਭਾਰਤੀ ਅੰਤਰ ਯੂਨੀਵਰਸਿਟੀ, ਯੂਨੀਵਰਸਿਟੀ, ਸਟੇਟ ਅਤੇ ਜ਼ਿਲ੍ਹਾ ਪੱਧਰ ਤੇ ਡਾ. ਸੁਰਜੀਤ ਸਿੰਘ ਅਤੇ ਪ੍ਰੋ: ਜਗਜੀਵਨ ਕੌਰ ਦੀ ਅਗਵਾਈ ਹੇਠ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

**ਜੂਡੋ:-** ਹਰਸ਼ਦੀਪ ਸਿੰਘ ਬਰਾੜ ਨੇ ਅੰਤਰ-ਰਾਸ਼ਟਰੀ ਪੱਧਰ ਤੇ ਭਾਰਤ ਦੀ ਪ੍ਰਤੀਨਿਧਤਾ ਕਰਕੇ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਪੰਜਵਾਂ ਸਥਾਨ ਹਾਸਿਲ ਕੀਤਾ ਅਤੇ ਇਸ ਨੇ ਸੀਨੀ. ਨੈਸ਼ਨਲ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ। ਮਨੀਸ਼ਾ ਅਤੇ ਜੈਸਵੀਨ, ਸ਼ਾਮਲੀ ਪਵਾਰ ਅਤੇ ਨੀਰੂ ਨੇ ਯੂਨੀ. ਅਤੇ ਓਪਨ ਡਿਸਟਿਕ ਵਿੱਚ ਕ੍ਰਮਵਾਰ ਬਰੌਂਜ਼ ਅਤੇ ਗੋਲਡ ਮੈਡਲ ਪ੍ਰਾਪਤ ਕੀਤੇ। ਮਨਮੋਹਨ ਨੇ ਜ਼ਿਲ੍ਹਾ ਸਿਲਵਰ ਅਤੇ ਲਵਪ੍ਰੀਤ ਨੇ ਜ਼ਿਲ੍ਹਾ ਬਰੌਂਜ਼ ਮੈਡਲ ਲਿਆ। ਮਨਦੀਪ ਸਿੰਘ ਨੇ ਯੂਨੀ. ਅਤੇ ਸਟੇਟ ਸਿਲਵਰ ਮੈਡਲ, ਯੂਨੀ. ਬਰੌਂਜ਼,ਓਪਨ ਡਿਸਟਿਕ ਗੋਲਡ ਮੈਡਲ, ਸਤਨਾਮ ਕੌਰ ਨੇ ਜ਼ਿਲ੍ਹਾ ਗੋਲਡ ਮੈਡਲ ਲਿਆ।

**ਰੱਸਾਕਸੀ:-** ਰਾਜਪ੍ਰੀਤ ਕੌਰ ਨੇ ਨੈਸ਼ਨਲ ਪੱਧਰ ਤੇ 03 ਗੋਲਡ ਅਤੇ 01 ਸਿਲਵਰ ਮੈਡਲ, ਜਸਪ੍ਰੀਤ ਕੌਰ ਨੇ ਨੈਸ਼ਨਲ ਵਿੱਚੋਂ 01 ਗੋਡਲ ਮੈਡਲ ਅਤੇ ਰਣਦੀਪ ਕੌਰ ਨੇ ਇੱਕ ਸਿਲਵਰ ਮੈਡਲ ਲਿਆ। ਲੜਕਿਆਂ ਦੀ ਟੀਮ ਯੂਨੀਵਰਸਿਟੀ ਵਿੱਚੋਂ ਸੈਕਿੰਡ ਰਹੀ।

**ਅਮੈਰਕਿਨ ਫੁੱਟਬਾਲ** :- ਗੁਰਸ਼ਰਨ ਸਿਘ ਨੇ ਆਲ ਇੰਡੀਆ ਇੰਟਰ ਯੂਨੀ. ਗੋਲਡ ਮੈਡਲ ਲਿਆ।

**ਚੈੱਸ:-** ਲੜਕੀਆਂ ਦੀ ਟੀਮ ਨੇ ਯੂਨੀਵਰਸਿਟੀ ਪੱਧਰ ਤੇ ਸਿਲਵਰ ਮੈਡਲ ਪ੍ਰਾਪਤ ਕੀਤੇ।

**ਵੇਟ/ਪਾਵਰ ਲਿਫਟਿੰਗ:-** ਰੀਮਾ ਕੁਮਾਰੀ ਨੇ ਯੂਨੀਵਰਸਿਟੀ ਵਿੱਚੋਂ ਪਾਵਰ ਲਿਫਟਿੰਗ ਵਿੱਚ ਗੋਲਡ ਮੈਡਲ ਹਾਸਲ ਕੀਤਾ ਅਤੇ ਆਲ ਇੰਡਿਆ ਵਿੱਚੋਂ ਸਿਲਵਰ ਮੈਡਲ ਪ੍ਰਾਪਤ ਕੀਤਾ। ਸ਼ਹੀਦ ਭਗਤ ਸਿੰਘ ਖੇਡਾਂ ਵਿੱਚੋਂ ਬਰੌਂਜ਼ ਅਤੇ ਸਟੇਟ, ਜੂਨੀਅਰ ਨੈਸ਼ਨਲ ਵਿਚੋਂ ਗੋਲਡ ਮੈਡਲ ਲਏ ਤੇ ਸਕੁਐਡ ਦਾ ਨਵਾਂ ਰਿਕਾਰਡ ਕਾਇਮ ਕੀਤਾ। ਵੇਟ ਲਿਫਟਿੰਗ ਵਿੱਚ ਯੂਨੀ. ਵਿੱਚੋਂ ਸਿਲਵਰ ਮੈਡਲ ਲਿਆ। ਨੈਸ਼ਨਲ ਭਾਗ ਲਿਆ ਅਤੇ ਯੂਨੀ. ਦੀ ਸਭ ਤੋਂ ਵੱਧ ਤਾਕਤਵਰ ਲਿਫਟਰ ਐਲਾਨੀ ਗਈ। ਸੁਮਨਪ੍ਰੀਤ ਨੇ ਪਾਵਰ ਲਿਫਟਿੰਗ ਵਿੱਚੋਂ ਯੂਨੀ. ਅਤੇ ਸਟੇਟ ਪੱਧਰ ਤੇ ਗੋਲਡ ਮੈਡਲ ਪ੍ਰਾਪਤ ਕੀਤੇ ਅਤੇ ਆਲ ਇੰਡਿਆ ਇੰਟਰ ਯੂਨੀਵਰਸਿਟੀ ਤੇ ਸੀਨੀ. ਨੈਸ਼ਨਲ ਭਾਗ ਲਿਆ। ਅਨਮੋਲਪ੍ਰੀਤ ਨੇ ਯੂਨੀਵਰਸਿਟੀ ਵਿੱਚੋਂ ਤੀਸਰੀ ਪੁਜੀਸ਼ਨ ਹਾਸਲ ਕੀਤੀ। ਗੁਰਭਿੰਦਰ ਸਿੰਘ ਨੇ ਵੇਟ ਲਿਫਟਿੰਗ ਵਿੱਚ ਯੂਨੀਵਰਸਿਟੀ ਅਤੇ ਆਲ ਇੰਡਿਆ ਇੰਟਰ ਯੂਨੀਵਰਸਿਟੀ ਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਦੋ ਸਿਲਵਰ ਮੈਡਲ ਲਏ। ਇਸ ਨੇ ਜੂਨੀਅਰ ਨੈਸ਼ਨਲ ਵਿੱਚੋਂ ਗੋਲਡ ਮੈਡਲ ਲੈਕੇ 137 ਕਿਲੋ ਭਾਰ ਚੁੱਕਕੇ ਸਨੈਚ ਦਾ ਨਵਾਂ ਰਿਕਾਰਡ ਸਥਾਪਿਤ ਕੀਤਾ । ਲੜਕੀਆਂ ਦੀ ਪਾਵਰਲਿਫਟਿੰਗ ਟੀਮ ਯੂਨੀਵਰਸਿਟੀ ਚੋਂ ਤੀਸਰੇ ਸਥਾਨ ਤੇ ਰਹੀ।

**ਕੈਯਕਿੰਗ:-** ਅਵਤਾਰ ਸਿੰਘ ਨੇ ਯੂਨੀਵਰਸਿਟੀ ਵਿੱਚੋਂ 02 ਸਿਲਵਰ 01 ਬਰੌਂਜ਼ ਮੈਡਲ ਲਿਆ। ਆਲ ਇੰਡੀਆ ਇੰਟਰ ਯੂਨੀ. 2 ਸਿਲਵਰ ਮੈਡਲ, ਸੀਨੀ. ਸਟੇਟ ਵਿੱਚੋਂ 01 ਗੋਲਡ ਅਤੇ 04 ਸਿਲਵਰ ਮੈਡਲ ਲਏ। ਇਸਨੇ ਰੋਇੰਗ ਵਿੱਚ ਯੂਨੀਵਰਸਿਟੀ ਪੱਧਰ ਤੇ ਦੋ ਸਿਲਵਰ, ਇੱਕ ਬਰੌਂਜ਼ ਮੈਡਲ ਅਤੇ ਰਾਜਵੀਰ ਸਿੰਘ ਨੇ 01 ਸਿਲਵਰ ਅਤੇ 01 ਬਰੌਂਜ਼ ਮੈਡਲ ਪ੍ਰਾਪਤ ਕੀਤੇ।

**ਜਿਮਨਾਸਟਿਕ :-** ਸੁਖਜੀਤ ਕੌਰ ਅਤੇ ਟਵਿੰਕਲ ਨੇ ਸਟੇਟ ਵਿੱਚੋਂ ਪਹਿਲਾ ਅਤੇ ਤੀਸਰਾ ਸਥਾਨ, ਹਾਸਲ ਕੀਤਾ । ਸੁਖਪ੍ਰੀਤ ਸਿੰਘ ਅਤੇ ਪਵਨਜੀਤ ਸਿੰਘ ਨੇ ਯੂਨੀਵਰਸਿਟੀ ਚੋਂ ਬਰੌਂਜ਼ ਮੈਡਲ ਲਏ।

**ਪਿਸਟਲ ਸੂਟਿੰਗ:-**ਵਿਪਨ ਕੁਮਾਰ, ਰੁਪਿੰਦਰ, ਗਗਨਦੀਪ ਅਤੇ ਮਾਨਵਦੀਪ ਦੀ ਟੀਮ ਨੇ ਯੂਨੀ. ਚੋਂ ਤੀਸਰਾ ਸਥਾਨ ਹਾਸਿਲ ਕੀਤਾ।

**ਬਾਕਸਿੰਗ:-**ਮੁਸਕਾਨ ਨੇ ਯੂਨੀਵਰਸਿਟੀ ਵਿੱਚੋਂ ਸਿਲਵਰ ਅਤੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਬਰੌਂਜ਼ ਮੈਡਲ ਪ੍ਰਾਪਤ ਕੀਤਾ। ਇਸਨੇ ਗੋਲਡ ਕੱਪ, ਓਪਨ ਸਟੇਟ ਅਤੇ ਜ਼ਿਲ੍ਹੇ ਵਿੱਚੋਂ ਗੋਲਡ ਅਤੇ ਸੀਨੀ. ਸਟੇਟ ਵਿੱਚੋਂ ਬਰੌਂਜ਼ ਮੈਡਲ ਹਾਸਲ ਕੀਤੇ ਅਤੇ ਨੈਸ਼ਨਲ ਖੇਡਾਂ ਵਿੱਚ ਭਾਗ ਲਿਆ। ਗਗਨਦੀਪ ਸਿੰਘ ਨੇ ਯੂਨੀ. ਵਿੱਚੋਂ ਬਰੌਂਜ਼

ਮੈਡਲ ਲਏ।

**ਹਾਕੀ :–** ਰਮਨਦੀਪ ਸਿੰਘ ਅਤੇ ਰਘਵੀਰ ਸਿੰਘ ਨੇ ਜੂਨੀ. ਅਤੇ ਸੀਨੀ. ਸਟੇਟ ਵਿੱਚ ਸਿਲਵਰ ਮੈਡਲ ਲਏ ਅਤੇ ਨਾਰਥ ਜ਼ੋਨ ਇੰਟਰ ਯੂਨੀਵਰਸਿਟੀ ਬਰੌਂਜ਼ ਮੈਡਲ ਹਾਸਲ ਕੀਤੇ।

**ਰੈਸਲਿੰਗ :–** ਜਸਕਰਨ ਸਿੰਘ ਨੇ ਯੂਨੀਵਰਸਿਟੀ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ।

**ਕ੍ਰਿਕਟ :–** ਅਰਜੁਨ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਅਤੇ ਰਾਇਲ ਚੈਂਪੀਅਨਸ਼ਿਪ ਕ੍ਰਿਕਟ ਲੀਗ ਵਿੱਚ ਸਿਲਵਰ ਮੈਡਲ ਅਤੇ ਅੰਡਰ –23 ਸਟੇਟ ਭਾਗ ਲਿਆ ।

**ਤਾਇਕਵਾਂਡੋ :–** ਕੁਲਵਿੰਦਰ, ਪਰਮਿੰਦਰ ਅਤੇ ਗਗਨਦੀਪ ਸਿੰਘ ਨੇ ਓਪਨ ਸਟੇਟ ਬਰੌਂਜ਼ ਮੈਡਲ ਲਏ। ਕਪਤਾਨ ਸਿੰਘ, ਪਰਮਿੰਦਰ ਅਤੇ ਕਮਲਜੀਤ ਕੌਰ ਨੇ ਯੂਨੀ. ਬਰੌਂਜ਼ ਮੈਡਲ ਹਾਸਿਲ ਕੀਤੇ।

**ਕਬੱਡੀ ਨੈਸ਼ਨਲ ਸਟਾਇਲ :–**ਹਰਦੀਪ ਨੇ ਸੀਨੀ. ਸਟੇਟ ਵਿੱਚੋਂ ਦੂਸਰਾ ਅਤੇ ਤੀਸਰਾ ਅਤੇ ਅਮਨਦੀਪ ਕੌਰ ਨੇ ਦੂਸਰਾ ਹਾਸਲ ਕੀਤਾ ਅਤੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਭਾਗ ਲਿਆ। ਅਮਨਦੀਪ, ਗਗਨਦੀਪ ਅਤੇ ਮਨਿੰਦਰਜੀਤ ਜ਼ਿਲ੍ਹੇ ਵਿੱਚੋਂ 2nd ਰਹੀਆਂ।

**ਕਬੱਡੀ ਸਰਕਲ ਸਟਾਇਲ :–**ਅਮਨਦੀਪ ਕੌਰ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਵਿੱਚੋਂ ਬਰੌਂਜ਼ ਮੈਡਲ ਪ੍ਰਾਪਤ ਕੀਤਾ ਅਤੇ ਰੀਨਾ ਰਾਣੀ ਨੇ ਸੀਨੀਅਰ ਸਟੇਟ ਵਿੱਚੋਂ ਸਿਲਵਰ ਮੈਡਲ ਪ੍ਰਾਪਤ ਕੀਤਾ ।

**ਕੌਰਫ਼ਬਾਲ :–**ਗੁਰਵੀਨ ਕੌਰ, ਗੁਰਪ੍ਰੀਤ ਕੌਰ, ਬੇਅੰਤ ਸਿੰਘ ਅਤੇ ਜਗਦੀਪ ਸਿੰਘ ਨੇ ਜੂਨੀ. ਨੈਸ਼ਨਲ ਬਰੌਂਜ਼ ਮੈਡਲ ਲਏ।

**ਬਾਸਕਿਟਬਾਲ :–** ਲੜਕੀਆਂ ਦੀ ਬਾਸਕਿਟਬਾਲ ਟੀਮ ਨੇ ਵਿਮੈਨ ਫੈਸਟੀਵਲ ਵਿੱਚ ਜ਼ਿਲ੍ਹਾ ਪੱਧਰ ਤੇ ਪਹਿਲਾ ਸਥਾਨ ਹਾਸਲ ਕੀਤਾ।ਜਸ਼ਨਦੀਪ ਸਿੰਘ ਨੇ ਸੀਨੀ. ਸਟੇਟ ਵਿੱਚੋਂ ਬਰੌਂਜ਼ ਮੈਡਲ , ਗਗਨਦੀਪ ਸਿੰਘ ਜੂਨੀਅਰ ਸਟੇਟ ਵਿੱਚ ਤੀਸਰੇ ਸਥਾਨ ਤੇ ਰਿਹਾ।

**ਰੀਲੇਅ ਰੇਸ:–** ਲੜਕੀਆਂ ਦੀ 4x100 ਮੀ: ਰੀਲੇਅ ਰੇਸ ਵਿੱਚੋਂ 26 ਜਨਵਰੀ ਦੇ ਸਮਾਰੋਹ ਸਮੇਂ ਜ਼ਿਲ੍ਹਾ ਪੱਧਰ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

**ਆਰਚਰੀ :–** ਗੁਰਜੀਤ ਸਿੰਘ ਨੇ ਯੂਨੀਵਰਸਿਟੀ ਵਿੱਚੋਂ 1 ਗੋਲਡ, 1 ਸਿਲਵਰ, 1 ਬਰੌਂਜ਼ ਮੈਡਲ ਲਿਆ, ਗੋਲਡ ਕੱਪ ਵਿੱਚੋਂ 1 ਗੋਲਡ ਮੈਡਲ ਅਤੇ ਜੂਨੀਅਰ ਨੈਸ਼ਨਲ ਵਿੱਚ ਭਾਗ ਲਿਆ।

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ

ਸਾਲ 2015-16 ਦੌਰਾਨ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ ਵਿੱਚ ਬੀ.ਬੀ.ਏ., ਬੀ.ਸੀ.ਏ., ਬੀ.ਐਸ.ਸੀ. ਬਾਇਓਟੈੱਕ, ਬੀ.ਕਾਮ., ਐਮ.ਐਸ.ਸੀ. (ਫਿਜ਼ਿਕਸ, ਮੈਥ), ਐਮ.ਏ. ਫਿਲਾਸਫੀ, ਹਿਸਟਰੀ, ਡਿਪਲੋਮਾ ਇਨ ਹੌਸਪਿਟੈਲਟੀ ਦੇ ਕੋਰਸਾਂ ਵਿੱਚ 792 ਵਿਦਿਆਰਥੀਆਂ ਨੇ ਦਾਖਲਾ ਲਿਆ।

ਐਚ.ਈ.ਆਈ.ਐਸ. ਵਿਭਾਗ ਦੀਆਂ ਤਿੰਨ ਕੰਪਿਊਟਰ ਲੈਬਜ਼ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਏ.ਸੀ. ਲਗਵਾਏ ਗਏ। ਲੈਬ –I ਦੀ ਮੁਰੰਮਤ ਅਤੇ ਸੱਤ ਨਵੇਂ ਕਮਰਿਆਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ।

ਐਮ.ਏ. ਹਿਸਟਰੀ ਦੇ ਵਿਦਿਆਰਥੀਆਂ ਲਈ ਡਾ. ਸੁਭਾਸ਼ ਪਰਿਹਾਰ ਦਾ ਲੈਕਚਰ ਕਰਵਾਇਆ ਗਿਆ।

ਐਮ.ਏ. ਫਿਲਾਸਫੀ ਵੱਲੋਂ ਇੰਡੀਅਨ ਫਿਲਾਸਫੀਕਲ ਕਾਂਗਰਸ ਵਿੱਚ 1-4 ਫਰਵਰੀ 2016, ਨੂੰ ਬੋਧ ਗਯਾ ਵਿਖੇ ਇੱਕ ਕਾਨਫਰੰਸ ਵਿੱਚ ਵਿਦਿਆਰਥੀਆਂ ਦੁਆਰਾ ਪਰਚੇ ਪੜ੍ਹੇ ਗਏ।

## ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ (IQAC)

ਕਾਲਜ ਵਿੱਚ ਯੂ.ਜੀ.ਸੀ. ਦੀਆਂ ਹਦਾਇਤਾਂ ਅਨੁਸਾਰ ਵਿੱਦਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਅਤੇ ਵਿਦਿਆਰਥੀਆਂ ਦੀਆਂ ਸਹੂਲਤਾਂ ਵਿੱਚ ਸੁਧਾਰ ਲਈ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ (IQAC) ਦੀ ਸਥਾਪਨਾ ਕੀਤੀ ਹੋਈ ਹੈ, ਜਿਸ ਦੇ ਕਨਵੀਨਰ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਰਮੇਸ਼ ਚੰਦਰ ਪਸਰੀਜਾ ਹਨ। ਇਸ ਸੈੱਲ ਰਾਂਹੀ ਇਸ ਸਾਲ ਦੌਰਾਨ ਮਿਤੀ 16-04-2015 ਅਤੇ 06-11-2015 ਨੂੰ ਮੀਟਿੰਗ ਕੀਤੀ ਗਈ।

ਇਸ ਵਿੱਚ ਲਾਇਬ੍ਰੇਰੀ ਵਿੱਚ CCTV ਕੈਮਰੇ, ਨਵੀਆਂ ਕਿਤਾਬਾਂ ਖਰੀਦਣਾ ਅਤੇ ਅਪਾਹਜ ਵਿਦਿਆਰਥੀਆਂ ਲਈ ਰੈਂਪ ਬਣਾਉਣ ਦੇ ਸੁਝਾਅ ਦਿੱਤੇ ਗਏ। ਡਾ. ਰਾਕੇਸ਼ ਕੁਮਾਰ ਅਰਥ-ਸਾਸ਼ਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਅਤੇ ਪ੍ਰਿੰਸੀਪਲ (ਰਿਟਾਇਰਡ) ਸ੍ਰੀ ਅਮਰਜੀਤ ਸਿੰਘ IQAC ਦੇ ਪ੍ਰਮੁੱਖ ਮੈਂਬਰ ਹਨ।

## ਰਾਸ਼ਟਰੀ ਉਚੇਰੀ ਸਿੱਖਿਆ ਅਭਿਆਨ (RUSA)

ਰਾਸ਼ਟਰੀ ਉਚੇਰੀ ਸਿੱਖਿਆ ਅਭਿਆਨ (RUSA) ਇੱਕ ਕੇਂਦਰ ਪ੍ਰਯੋਜਿਤ ਸਕੀਮ ਹੈ ਜੋ 2013 ਵਿੱਚ ਸ਼ੁਰੂ ਕੀਤੀ ਗਈ। ਇਸ ਦਾ ਉਦੇਸ਼ ਰਾਜ ਦੇ ਯੋਗ ਉੱਚ ਸਿੱਖਿਅਕ ਅਦਾਰਿਆਂ ਨੂੰ ਫੰਡ ਮੁਹੱਈਆ ਕਰਵਾਉਣਾ ਹੈ। ਇਸ ਫੰਡ ਦੀ ਵਰਤੋਂ ਮਾਨਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਵਿੱਚ ਅਕਾਦਮਿਕ ਅਤੇ ਪ੍ਰੀਖਿਆ ਸਿਸਟਮ ਵਿੱਚ ਸੁਧਾਰ ਨੂੰ ਯਕੀਨੀ ਬਣਾਉਣ ਲਈ ਉੱਚ ਵਿੱਦਿਅਕ ਅਦਾਰਿਆਂ ਵਿੱਚ ਖੋਜ ਅਤੇ ਅਵਿਸ਼ਕਾਰ ਲਈ ਯੋਗ ਮਾਹੌਲ ਬਣਾਉਣ ਲਈ ਅਤੇ ਅਨੁਸੂਚਿਤ/ ਪਿਛੜੀ ਜਾਤੀ, ਸਮਾਜਿਕ ਅਤੇ ਵਿੱਦਿਅਕ ਤੌਰ ਤੇ ਪਛੜੇ ਵਰਗ ਨੂੰ ਉੱਚ ਸਿੱਖਿਆ ਦੇ ਮੌਕੇ ਮੁਹੱਈਆ ਕਰਵਾਉਣ ਲਈ ਅਤੇ ਉੱਚ ਸਿੱਖਿਆ ਵਿੱਚ ਇਕੁਇਟੀ ਸੁਧਾਰ, ਮਹਿਲਾ, ਘੱਟ ਗਿਣਤੀ ਵਰਗ ਵਿਅਕਤੀਆਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਵਰਤੀ ਜਾਂਦੀ ਹੈ।

ਸਾਲ 2014-15 ਅਤੇ 2015-16 ਵਿੱਚ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਨੂੰ ਇੰਫਰਾਸਟਰਕਚਰ ਗ੍ਰਾਂਟ, ਇਕੁਇਟੀ ਇਨਿਸ਼ਿਏਟਿਵ ਗ੍ਰਾਂਟ ਅਤੇ ਐਮ.ਐਮ.ਈ.ਆਰ ਗ੍ਰਾਂਟ ਅਧੀਨ ਫੰਡ ਪ੍ਰਾਪਤ ਹੋਏ ਜਿੰਨ੍ਹਾਂ ਦੀ ਵਰਤੋਂ ਰੂਸਾ ਕੋਆਰਡੀਨੇਟਰ ਪ੍ਰੋ. ਜਯੋਤਸਨਾ ਸਿੰਗਲਾ ਦੀ ਅਗਵਾਈ ਹੇਠ ਕਾਲਜ ਵਿੱਚ ਕਮਰਿਆਂ ਦੀ ਘਾਟ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਕਲਾਸ ਰੂਮਜ਼ ਦੀ ਉਸਾਰੀ ਲਈ, ਆਡੀਟੋਰੀਅਮ ਦੀਆਂ ਕੁਰਸੀਆਂ, ਕਾਲਜ ਦਫ਼ਤਰ ਵਿੱਚ ਵਰਕ-ਸਟੇਸ਼ਨ, ਲਾਇਬ੍ਰੇਰੀ ਵਿੱਚ ਸਟੱਡੀ-ਟੇਬਲ ਅਤੇ ਪਿਜ਼ਨ ਹੋਲ ਲਾਕਰ ਖਰੀਦਣ ਲਈ ਕੀਤੀ ਗਈ। ਇਕੁਇਟੀ ਇਨਿਸ਼ਿਏਟਿਵ ਗ੍ਰਾਂਟ ਅਧੀਨ ਪ੍ਰਾਪਤ ਫੰਡ, ਲੜਕੀਆਂ ਦੇ ਵਾਸ਼ਰੂਮ ਦੀ ਰੀਪੇਅਰ ਲਈ ਅਤੇ ਲੜਕੀਆਂ ਦੇ ਕਾਮਨ ਰੂਮ ਦਾ ਫਰਨੀਚਰ ਖਰੀਦਣ ਲਈ ਵਰਤਿਆ ਗਿਆ।

**ਫਿਨਿੰਸ਼ਿਗ ਸਕੂਲ** :- ਸਾਲ 2015 ਵਿੱਚ ਪੰਜਾਬ ਸਰਕਾਰ ਵੱਲੋਂ ਰੂਸਾ ਅਧੀਨ ਕਾਲਜ ਵਿੱਚ ਫਿਨਿੰਸ਼ਿਗ ਸਕੂਲ ਦੀ ਸਥਾਪਨਾ ਕੀਤੀ ਗਈ, ਜਿਸ ਦਾ ਮੰਤਵ ਵਿਦਿਆਰਥੀਆਂ ਦੇ ਵਿਅਕਤੀਤਵ ਦਾ ਨਿਖਾਰ, ਨਿੱਜੀ ਹੁਨਰ ਦਾ ਵਿਕਾਸ ਅਤੇ ਵਿਦਿਆਰਥੀਆਂ ਦੀ ਅੰਦਰੂਨੀ ਕਾਬਲੀਅਤ ਨੂੰ ਨਿਖਾਰਨਾ ਹੈ। ਰੂਸਾ ਕੋ-ਆਰਡੀਨੇਟਰ ਪ੍ਰੋ. ਜਯੋਤਸਨਾ ਸਿੰਗਲਾ ਦੀ ਅਗਵਾਈ ਹੇਠ ਇਸ ਫਿਨਿੰਸ਼ਿੰਗ ਸਕੂਲ ਵਿੱਚ ਵਿਦਿਆਰਥੀਆਂ ਨੂੰ ਸਾਫਟ ਸਕਿਲਜ਼ (ਅੰਗਰੇਜ਼ੀ ਬੋਲਣ), ਆਈ.ਟੀ, ਰਿਟੇਲ, ਸੇਲਜ਼ ਅਤੇ ਮਾਰਕੀਟਿੰਗ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਕਾਲਜ ਦੇ ਪੰਜ ਅਧਿਆਪਕਾਂ ਨੇ ਇਹਨਾਂ ਵਿਸ਼ਿਆਂ ਵਿੱਚ ਆਈ.ਟੀ. ਐਫ.ਟੀ. ਫਿਨਿਸ਼ਿੰਗ ਸਕੂਲ ਚੰਡੀਗੜ੍ਹ ਵਿਖੇ ਟਰੇਨਿੰਗ ਪ੍ਰਾਪਤ ਕੀਤੀ।

## ਨੈਸ਼ਨਲ ਅਸੈਸਮੈਂਟ ਐਂਡ ਅਕ੍ਰੈਡਿਟੇਸ਼ਨ ਕਾਊਂਸਿਲ (NAAC)

ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦੀ ਨੈਕ ਦੀ ਪਹਿਲੀ ਇੰਸਪੈਕਸ਼ਨ ਸਾਲ 2004, ਵਿੱਚ ਕਰਵਾਈ ਗਈ ਸੀ। ਹੁਣ ਕਾਲਜ ਰੀ-ਅਕ੍ਰੈਡਿਟੇਸ਼ਨ ਸਾਇਕਲ II ਕਰਵਾਉਣ ਜਾ ਰਿਹਾ ਹੈ, ਜਿਸ ਦੀ ਰਿਪੋਰਟ ਪ੍ਰੋ. ਜਯੋਤਸਨਾ ਸਿੰਗਲਾ ਦੀ ਅਗਵਾਈ ਹੇਠ ਪੂਰਨ ਰੂਪ ਵਿੱਚ ਮੁਕੰਮਲ ਕਰਕੇ ਨੈਸ਼ਨਲ ਅਸੈਸਮੈਂਟ ਐਂਡ ਅਕ੍ਰੈਡਿਟੇਸ਼ਨ ਕਾਊਂਸਿਲ, ਬੰਗਲੌਰ ਨੂੰ ਭੇਜੀ ਜਾ ਚੁੱਕੀ ਹੈ ਅਤੇ ਛੇਤੀ ਹੀ ਨੈਕ ਵੱਲੋਂ ਸਮਾਂ ਦਿੱਤੇ ਜਾਣ ਦੀ ਉਮੀਦ ਹੈ।

## ਐਨ.ਐਸ.ਐਸ

ਕਾਲਜ ਵਿੱਚ ਐਨ.ਐਸ.ਐਸ ਦੇ ਚਾਰ ਯੂਨਿਟ (ਦੋ ਲੜਕੀਆਂ,ਦੋ ਲੜਕੇ) ਪ੍ਰੋ. ਪਰਮਦੀਪ ਕੌਰ, ਪ੍ਰੋ. ਅਮਲਾ ਸ਼ਰਮਾ, ਪ੍ਰੋ. ਸੁਲਤਾਨ ਸਿੰਘ, ਅਤੇ ਪ੍ਰੋ. ਗੁਰਜੀਤ ਸਿੰਘ ਮਾਨਸ਼ਾਹੀਆ ਦੀ ਅਗਵਾਈ ਵਿੱਚ ਚੱਲ ਰਹੇ ਹਨ। ਸਾਲ 2015-16 ਵਿੱਚ ਐਨ.ਐਸ.ਐਸ ਦੀਆਂ ਗਤੀਵਿਧੀਆਂ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਣ

ਲਈ ਪ੍ਰੋ. ਪਰਮਦੀਪ ਕੌਰ ਨੂੰ ਬੈਸਟ ਪ੍ਰੋਗਰਾਮ ਅਫ਼ਸਰ ਵਜੋਂ ਅਤੇ ਕਾਲਜ ਨੂੰ ਬੈਸਟ ਕਾਲਜ ਵਜੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਯੂਨੀਵਰਸਿਟੀ ਮੈਡਲ ਦੇਕੇ ਸਨਮਾਨਿਤ ਕੀਤਾ ਗਿਆ।

1. ਮਿਤੀ 16-06-2015 ਤੋਂ 21-06-2015 ਨੂੰ 6 ਦਿਨੀਂ ਯੋਗਾ ਕੈਂਪ ਦੌਰਾਨ ਯੋਗ ਗੁਰੂ ਸ੍ਰੀ ਰਾਧੇ ਸ਼ਾਮ ਦੁਆਰਾ ਯੋਗ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

2. 15 ਅਗਸਤ, 2015 ਨੂੰ ਕਾਲਜ ਦੀਆਂ ਤਿੰਨ ਵਿਦਿਆਰਥਣਾਂ ਜੈਸਿਕਾ, ਬੇਅੰਤ ਅਤੇ ਰੋਜ਼ੀ ਨੂੰ ਜ਼ਿਲ੍ਹਾ ਪੱਧਰੀ ਸਮਾਰੋਹ ਵਿੱਚ ਸਨਮਾਨਿਤ ਕੀਤਾ ਗਿਆ।

3. ਮਿਤੀ 24 ਸਤੰਬਰ, 2015 ਤੋਂ 30 ਸਤੰਬਰ,2015 ਤੱਕ ਲੜਕੀਆਂ ਦੇ ਦੋਵੇ ਯੂਨਿਟਾਂ ਵੱਲੋਂ ਸੱਤ ਰੋਜ਼ਾ ਕੈਂਪ ਲਗਾਇਆ ਗਿਆ। ਇਸ ਦੌਰਾਨ ਕਾਲਜ ਕੈਂਪਸ ਦੀ ਸਫਾਈ ਦੇ ਨਾਲ ਨਾਲ ਐਨ.ਐਸ.ਐਸ. ਵਲੰਟਰੀਅਰਜ਼ ਨੂੰ ਅਸਿਸਟੈਂਟ ਡਾਇਰੈਕਟਰ ਸ. ਰਘਵੀਰ ਸਿੰਘ ਮਾਨ ਨੇ ਐਨ.ਐਸ.ਐਸ. ਦੇ ਉਦੇਸ਼, ਸ੍ਰੀ ਨਰਿੰਦਰ ਬਸੀ ਨੇ ਏਡਜ਼ ਤੇ, ਡਾ. ਕਮਲਜੀਤ ਸਿੰਘ (ਡਿਪਟੀ ਡਾਇਰੈਕਟਰ, ਯੂਥ ਸਰਵਿਸਿਜ਼) ਨੇ ਨੌਜਵਾਨਾਂ ਦੇ ਯੋਗਦਾਨ, ਔਰਤ ਸਸ਼ਤੀਕਰਨ, ਸ੍ਰੀ ਨਰੇਸ਼ ਪਠਾਨੀਆਂ ਨੇ ਮੁਢਲੀ ਸਹਾਇਤਾ, ਸ੍ਰੀ ਅਨਿਲ ਸ਼ਰਮਾ ਅਸਿਸਟੈਂਟ ਮੈਨੇਜਰ ਐਨ.ਐਫ.ਐਲ. ਨੇ ਫਾਇਰ ਸੇਫਟੀ, ਮੇਜਰ ਅਵਨੀਤ ਕੌਰ ਨੇ ਇੰਡੀਅਨ ਆਰਮੀ ਬਾਰੇ ਜਾਣਕਾਰੀ ਦਿੱਤੀ।

4. ਲੜਕਿਆਂ ਦਾ ਸੱਤ ਰੋਜ਼ਾ ਕੈਂਪ 28 ਸਤੰਬਰ ਤੋਂ 04, ਅਕਤੂਬਰ, 2015 ਤੱਕ ਲਗਾਇਆ ਗਿਆ। ਇਸ ਵਿੱਚ ਵਿਦਿਆਰਥੀ ਸਵੇਰ ਦੇ ਸਮੇਂ ਹੱਥੀਂ ਕੰਮ ਕਰਕੇ ਨਿਰਸੁਆਰਥ ਸੇਵਾ ਕਰਦੇ ਸਨ। ਦੂਜੇ ਸੈਸ਼ਨ ਵਿੱਚ ਬੁੱਧੀਜੀਵੀਆਂ ਦੇ ਸਮਾਜਿਕ ਮਹੱਤਤਾ ਬਾਰੇ ਵਿਚਾਰ ਸੁਣਦੇ ਅਤੇ ਤੀਜੇ ਸੈਸ਼ਨ ਵਿੱਚ ਖੁਦ ਤਿਆਰ ਕੀਤਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਸਨ।

5. ਮਿਤੀ 01-10-2015 ਨੂੰ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਰਾਜ ਪੱਧਰੀ ਕੌਮੀ ਖੂਨਦਾਨ ਦਿਵਸ ਮਨਾਇਆ ਗਿਆ। ਜਿਸ ਵਿੱਚ ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਨੂੰ ਸਿਹਤ ਮੰਤਰੀ ਸ੍ਰੀ ਸੁਰਜੀਤ ਜਿਆਣੀ ਵੱਲੋਂ ਸਨਮਾਨਿਤ ਕੀਤਾ ਗਿਆ।

6. ਮਿਤੀ 31 ਅਕਤੂਬਰ, 2015 ਨੂੰ ਕੌਮੀ ਏਕਤਾ ਅਤੇ 23 ਨਵੰਬਰ, 2015 ਸੱਭਿਆਚਾਰਕ ਏਕਤਾ ਦਿਵਸ ਮਨਾਇਆ ਗਿਆ।

ਲੜਕੀਆਂ ਦੇ ਐਨ.ਐਸ.ਐਸ. ਯੂਨਿਟ 03 ਅਤੇ 04 ਵੱਲੋਂ ਮਿਤੀ 30-05-2015 ਨੂੰ ਨਸ਼ਿਆਂ ਵਿਰੁੱਧ ਇੱਕ ਰੋਜ਼ਾ ਜਾਗਰੂਕਤਾ ਕੈਂਪ, ਮਿਤੀ 05-09-2015 ਨੂੰ ਅਧਿਆਪਕ ਦਿਵਸ ਨੂੰ ਸਮੱਰਪਿਤ, ਮਿਤੀ 06-09-2015 ਨੂੰ ਸਵੱਛ ਭਾਰਤ, ਸਵੱਸਥ ਭਾਰਤ ਦੇ ਉਦੇਸ਼ ਨੂੰ ਸਮੱਰਪਿਤ, ਮਿਤੀ 13-09-2015 ਨੂੰ ਸਵੈ-ਰੱਖਿਆ, ਮਿਤੀ 29-10-2015 ਨੂੰ ਸਰਦਾਰ ਵੱਲਭ ਭਾਈ ਪਟੇਲ ਨੂੰ ਸਮੱਰਪਿਤ ਇੱਕ ਰੋਜ਼ਾ ਕੈਂਪ ਲਗਾਏ ਗਏ।

ਮਿਤੀ 30-09-2015 ਨੂੰ ਪਲਾਂਟੇਸ਼ਨ ਮੁਹਿੰਮ ਅਧੀਨ ਤਲਵੰਡੀ ਸਾਬੋ ਪਾਵਰ ਪਲਾਂਟ ਲਿਮਿ:, ਪਿੰਡ ਵਣਾਂਵਾਲਾ ਵਿਖੇ ਬੂਟੇ ਲਗਾਏ ਗਏ। ਪਲਸ ਪੋਲੀਓ ਵੈਕਸੀਨੇਸ਼ਨ ਮੁਹਿੰਮ ਵਿੱਚ ਭਾਗ ਲਿਆ ਗਿਆ ਅਤੇ ਵੋਟਰ-ਡੇਅ ਮਨਾਇਆ ਗਿਆ।

ਮਿਤੀ17-02-2016 ਨੂੰ ਕਾਲਜ ਵਿੱਚ ਇੱਕ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ 70 ਵਲੰਟੀਅਰਜ਼ ਨੇ ਖੂਨਦਾਨ ਕੀਤਾ।

ਮਿਤੀ 04-03-2016 ਨੂੰ ਲੜਕੀਆਂ ਦਾ ਇੱਕ ਰੋਜ਼ਾ ਕੈਂਪ ਓੜੀਆ ਕਲੋਨੀ ਵਿਖੇ ਲਗਾਇਆ ਗਿਆ, ਜਿਸ ਵਿੱਚ ਵਲੰਟੀਅਰਜ਼ ਨੇ ਆਪਣੇ ਜੇਬ ਖਰਚ ਵਿੱਚੋਂ ਖਾਣ ਪੀਣ ਦੀ ਸਮੱਗਰੀ, ਅਤੇ ਕੱਪੜੇ ਵੰਡੇ।

ਐਨ.ਐਸ.ਐਸ. ਵਿਭਾਗ ਵੱਲੋਂ ਬੁੱਕ ਬੈਂਕ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ।

## ਐਨ.ਸੀ.ਸੀ.

ਸਾਲ 2015-16 ਦੌਰਾਨ ਲੈਫਟੀਨੈਂਟ ਹਰਜਿੰਦਰ ਸਿੰਘ ਦੀ ਅਗਵਾਈ ਵਿੱਚ ਐਨ.ਸੀ.ਸੀ.ਕੈਡਿਟਜ਼ ਦੀਆਂ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ :-

1. ਜੂਨ 2015 ਨੂੰ ਗਿਆਨੀ ਜ਼ੈਲ ਸਿੰਘ ਕਾਲਜ ਬਠਿੰਡਾ ਵਿਖੇ ਮਨਾਏ ਗਏ ਯੋਗਾ ਦਿਵਸ ਵਿੱਚ 02 SD ਅਤੇ 06 SW ਕੈਡਿਟਜ਼ ਨੇ ਹਿੱਸਾ ਲਿਆ।

2. 06 ਅਗਸਤ 2015 ਤੋਂ 15 ਅਗਸਤ 2015 ਤੱਕ ਐਨ.ਸੀ.ਸੀ. ਅਕੈਡਮੀ ਰੋਪੜ ਵਿਖੇ ਲੱਗੇ ਰੀਪਬਲਿਕ-ਡੇਅ ਸੈਲੀਬਰੇਸ਼ਨ ਕੈਂਪ ਵਿੱਚ 06 SW ਕੈਡਿਟਸ ਨੇ ਹਿੱਸਾ ਲਿਆ।

3. ਜ਼ਿਲ੍ਹਾ ਪੱਧਰ ਤੇ ਬਠਿੰਡਾ ਵਿਖੇ ਹੋਈ 15 ਅਗਸਤ 2015 ਦੀ ਸੁਤੰਤਰਤਾ ਦਿਵਸ ਦੀ ਪਰੇਡ ਵਿੱਚ ਕਾਲਜ ਦੇ 25 ਐਨ.ਸੀ.ਸੀ ਕੈਡਿਟਸ ਨੇ ਹਿੱਸਾ ਲਿਆ। ਕੈਡਿਟ ਮੁਕੇਸ਼ ਕੁਮਾਰ ਨੇ ਐਨ.ਸੀ.ਸੀ. ਦੀ ਟੁਕੜੀ ਦੀ ਕਮਾਂਡ ਕੀਤੀ ਜਿਸ ਦੇ ਫਲਸਰੂਪ ਉਪ ਮੁੱਖ ਮੰਤਰੀ ਸਾਹਿਬ ਜੀ ਤੋਂ ਸਨਮਾਨ ਪ੍ਰਾਪਤ ਕੀਤਾ।

4. 07 ਸਤੰਬਰ 2015 ਤੋਂ 18 ਸਤੰਬਰ 2015 ਤੱਕ ਐਨ.ਸੀ.ਸੀ. ਅਕੈਡਮੀ ਮਲੋਟ ਵਿਖੇ ਲੱਗੇ ਅਡਵਾਂਸ ਲੀਡਰਸ਼ਿਪ ਕੈਂਪ ਵਿੱਚ 02 SW ਕੈਡਿਟਸ ਨੇ ਹਿੱਸਾ ਲਿਆ।

5. 20 ਸਤੰਬਰ 2015 ਤੋਂ 29 ਸਤੰਬਰ 2015 ਤੱਕ ਧੂਰੀ ਵਿਖੇ ਲੱਗੇ ਰੀਪਬਲਿਕ-ਡੇਅ ਸੈਲੀਬਰੇਸ਼ਨ ਕੈਂਪ ਵਿੱਚ 04 SW ਕੈਡਿਟਸ ਨੇ ਹਿੱਸਾ ਲਿਆ।

6. 28 ਸਤੰਬਰ 2015 ਤੋਂ 07 ਅਕਤੂਬਰ 2015 ਤੱਕ ਐਨ.ਸੀ.ਸੀ. ਅਕੈਡਮੀ ਰੋਪੜ ਵਿਖੇ ਲੱਗੇ Pre-DCATC-IPrep.ਕੈਂਪ ਵਿੱਚ 03 SW ਕੈਡਿਟਸ ਨੇ ਹਿੱਸਾ ਲਿਆ।

7. 13 ਅਕਤੂਬਰ 2015 ਤੋਂ 22 ਅਕਤੂਬਰ 2015 ਤੱਕ ਐਨ.ਸੀ.ਸੀ. ਅਕੈਡਮੀ ਮਲੋਟ ਵਿਖੇ ਲੱਗੇ Pre-DCATC-IPrep.ਕੈਂਪ ਵਿੱਚ 03 SW ਕੈਡਿਟਸ ਨੇ ਹਿੱਸਾ ਲਿਆ।

8. 13 ਅਕਤੂਬਰ, 2015 ਤੋਂ 22 ਅਕਤੂਬਰ 2015 ਤੱਕ ਐਨ.ਸੀ.ਸੀ. ਅਕੈਡਮੀ ਮਲੋਟ ਵਿਖੇ ਲੱਗੇ Annual Training Camp ਵਿੱਚ ANO Lt. ਹਰਜਿੰਦਰ ਸਿੰਘ, 02 SW ਅਤੇ 09 SD ਕੈਡਿਟਸ ਨੇ ਹਿੱਸਾ ਲਿਆ। ਇਸ ਕੈਂਪ ਵਿੱਚ ਕੈਡਿਟ ਹਰਪ੍ਰੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੇ ਸਿਲਵਰ ਮੈਡਲ ਅਤੇ ਕੈਡਿਟ ਮਨਮਿੰਦਰ ਸਿੰਘ ਨੇ ਗੋਲਡ ਮੈਡਲ ਹਾਸਲ ਕੀਤਾ।

9. 21 ਅਕਤੂਬਰ, 2015 ਤੋਂ 30 ਅਕਤੂਬਰ 2015 ਤੱਕ ਐਨ.ਸੀ.ਸੀ. ਅਕੈਡਮੀ ਰੋਪੜ ਵਿਖੇ ਲੱਗੇ DCATC-I ਕੈਂਪ ਵਿੱਚ 03 SW ਕੈਡਿਟਸ ਨੇ ਹਿੱਸਾ ਲਿਆ।

10. 31 ਅਕਤੂਬਰ, 2015 ਤੋਂ 09 ਨਵੰਬਰ 2015 ਤੱਕ ਐਨ.ਸੀ.ਸੀ. ਅਕੈਡਮੀ ਰੋਪੜ ਵਿਖੇ ਲੱਗੇ DCATC-II ਕੈਂਪ ਵਿੱਚ 01 SW ਕੈਡਿਟ ਨੇ ਹਿੱਸਾ ਲਿਆ।

11. 01 ਦਸੰਬਰ, 2015 ਤੋਂ 10 ਦਸੰਬਰ 2015 ਐਨ.ਸੀ.ਸੀ. ਅਕੈਡਮੀ ਰੋਪੜ ਵਿਖੇ ਲੱਗੇ Pre-RD-I ਕੈਂਪ ਵਿੱਚ 01 SW ਕੈਡਿਟ ਨੇ ਹਿੱਸਾ ਲਿਆ।

12. 14 ਦਸੰਬਰ, 2015 ਤੋਂ 23 ਦਸੰਬਰ 2015 ਤੱਕ ਐਨ.ਸੀ.ਸੀ. ਅਕੈਡਮੀ ਮਲੋਟ ਵਿਖੇ ਲੱਗੇ Annual Training Camp ਵਿੱਚ ਕੈਡਿਟ ਯੋਗੇਸ ਸ਼ਰਮਾ ਨੇ BHM ਹੋਣ ਤੇ ਗੋਲਡ ਮੈਡਲ ਅਤੇ ਗਾਰਡ ਆਫ਼ ਆਨਰ ਬਣਨ ਤੇ ਸਿਲਵਰ ਮੈਡਲ ਹਾਸਲ ਕੀਤਾ।

13. 18 ਦਸੰਬਰ, 2015 ਤੋਂ 28 ਦਸੰਬਰ 2015 ਪਟਿਆਲਾ ਵਿਖੇ ਲੱਗੇ Army Attachment Camp ਵਿੱਚ 02 SD ਕੈਡਿਟਸ ਨੇ ਹਿੱਸਾ ਲਿਆ।

14. ਅੰਡਰ ਅਫਸਰ ਪਰਮਪ੍ਰੀਤ ਕੌਰ ਬੀ.ਐਸ.ਸੀ.ਬਾਇਓਟੈੱਕ ਭਾਗ ਦੂਜਾ ਨੇ ਵੱਖ ਵੱਖ 07 ਕੈਂਪਾਂ ਵਿੱਚ ਉਪਲੱਬਧੀਆਂ ਹਾਸਿਲ ਕਰਦੇ ਹੋਏ ਦਿੱਲੀ ਵਿਖੇ 67 ਵੇਂ ਗਣਤੰਤਰ ਦਿਵਸ ਦੀ ਪਰੇਡ ਵਿੱਚ ਹਿੱਸਾ ਲੈਣ ਦਾ ਗੌਰਵ ਹਾਸਲ ਕੀਤਾ।

15. ਜ਼ਿਲ੍ਹਾ ਪੱਧਰ ਤੇ ਬਠਿੰਡਾ ਵਿਖੇ ਹੋਈ 26 ਜਨਵਰੀ 2016 ਦੀ ਗਣਤੰਤਰ ਦਿਵਸ ਦੀ ਪਰੇਡ ਵਿੱਚ ਕਾਲਜ ਦੇ 22 ਐਨ.ਸੀ.ਸੀ. ਕੈਡਿਟਸ ਨੇ ਹਿੱਸਾ ਲਿਆ।

16. ਐਨ.ਸੀ.ਸੀ. ਦੇ 17 ਕੈਡਿਟਸ (10 ਲੜਕੀਆਂ ਅਤੇ 07 ਲੜਕੇ) ਨੇ ਗਿਆਨੀ ਜ਼ੈਲ ਸਿੰਘ ਕਾਲਜ ਬਠਿੰਡਾ ਵਿਖੇ "ਬੀ ਸਰਟੀਫਿਕੇਟ" ਦੀ ਪ੍ਰੀਖਿਆ ਦਿੱਤੀ।

ਕਾਲਜ ਦੀ ਐਨ.ਸੀ.ਸੀ ਦੀ ਕੈਡਿਟ ਅੰਡਰ ਅਫ਼ਸਰ ਪਰਮਪ੍ਰੀਤ ਕੌਰ ਨੇ ਦਿੱਲੀ ਵਿਖੇ 67ਵੇਂ ਗਣਤੰਤਰ ਦਿਵਸ ਦੀ ਪ੍ਰੇਡ ਵਿੱਚ ਹਿੱਸਾ ਲਿਆ। ਇਸਤੋਂ ਇਲਾਵਾ ਕੈਡਿਟਸ ਨੇ ਵੱਖ ਵੱਖ ਸਥਾਨਾਂ ਤੇ ਟ੍ਰੇਨਿੰਗ ਕੈਂਪਾਂ ਵਿੱਚ ਹਿੱਸਾ ਲਿਆ।

ਜ਼ਿਲ੍ਹਾ ਪੱਧਰ ਤੇ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਦੀ ਪ੍ਰੇਡ ਵਿੱਚ ਹਿੱਸਾ ਲਿਆ।

## ਰਾਜਿੰਦਰਾ ਯੂਥ ਕਲੱਬ

ਮਿਤੀ 12-01-2016 ਨੂੰ ਸਵਾਮੀ ਵਿਵੇਕਾਨੰਦ ਜੀ ਦੇ ਜਨਮ ਦਿਵਸ ਤੇ ਸੈਮੀਨਾਰ ਕਰਵਾਇਆ ਗਿਆ। ਮੁੱਖ ਵਕਤਾ ਸ੍ਰੀ ਸੋਨੀ ਗੋਇਲ ਨੇ ਵਿਦਿਆਰਥੀਆਂ ਨੂੰ ਸਵਾਮੀ ਜੀ ਦੇ ਫਲਸਫ਼ੇ ਤੋਂ ਪ੍ਰੇਰਣਾ ਲੈਣ ਅਤੇ ਪ੍ਰਸ਼ਨ ਪੁੱਛਣ ਦੀ ਆਦਤ ਪਾਉਣ ਲਈ ਉਤਸ਼ਾਹਿਤ ਕੀਤਾ। ਸ੍ਰੀ ਡੀ.ਕੇ. ਗਰਗ ਨੇ ਗਿਆਨਯੋਗ, ਭਗਤੀਯੋਗ ਅਤੇ ਕਰਮਯੋਗ HHH (Tripple H) ਦੇ ਫਾਰਮੂਲੇ ਰਾਹੀਂ ਸਵਾਮੀ ਜੀ ਦੀਆਂ ਸਿੱਖਿਆਵਾਂ ਨਾਲ ਜੁੜਨ ਲਈ ਕਿਹਾ।

## ਰੈੱਡ ਰਿਬਨ ਕਲੱਬ

ਪ੍ਰੋ. ਪਰਮਦੀਪ ਕੌਰ ਦੀ ਅਗਵਾਈ ਵਿੱਚ ਚੱਲ ਰਹੇ ਰੈੱਡ ਰਿਬਨ ਕਲੱਬ ਅਧੀਨ ਮਿਤੀ 10-08-2015 ਨੂੰ ਅੰਤਰ ਰਾਸ਼ਟਰੀ ਯੂਥ ਦਿਵਸ ਤੇ ਵਿਦਿਆਰਥੀਆਂ ਨੂੰ ਸੰਜੀਵ ਭਾਰਦਵਾਜ ਵੱਲੋਂ ਡਾਇਰੈਕਟ ਕੀਤੀ ਡਰਗ ਡੀ-ਅਡਿਕਸ਼ਨ ਨਾਲ ਸਬੰਧਤ ਫਿਲਮ 'ਪਹਿਲ' ਦਿਖਾਈ ਗਈ। ਮਿਤੀ 12-08-2015 ਨੂੰ ਸਵਾਮੀ ਵਿਵੇਕਾਨੰਦ ਨਾਲ ਸੰਬੰਧਤ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਮਿਤੀ 16-08-2015 ਨੂੰ ਵਣ-ਮਹਾਂਉਤਸਵ ਮਨਾਇਆ ਗਿਆ। ਮਿਤੀ 25-09-2015 ਨੂੰ ਏਡਜ਼ ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਏਡਜ਼ ਐਜੂਕੇਟਰ ਸ੍ਰੀ ਨਰਿੰਦਰ ਬਸੀ ਨੇ ਵਿਦਿਆਰਥੀਆਂ ਨੂੰ ਏਡਜ਼ ਸਬੰਧੀ ਜਾਣਕਾਰੀ ਦਿੱਤੀ ਅਤੇ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਮਿਤੀ 01-03-2016 ਨੂੰ ਡਰੱਗ ਡੀ-ਅਡਿਕਸ਼ਨ ਦੇ ਸੰਬੰਧ ਵਿੱਚ ਇੱਕ ਰੈਲੀ ਦਾ ਆਯੋਜਨ ਕੀਤਾ ਗਿਆ। ਮਿਤੀ 29-02-16 ਨੂੰ ਡਰੱਗ ਡੀ-ਅਡਿਕਸ਼ਨ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ।

## ਪਾਪੂਲੇਸ਼ਨ ਐਜੂਕੇਸ਼ਨ ਕਲੱਬ

ਮਿਤੀ 15-03-2015 ਨੂੰ ਅਰਥ-ਸ਼ਾਸਤਰ ਵਿਭਾਗ ਵੱਲੋਂ "ਪਾਪੂਲੇਸ਼ਨ ਐਜੂਕੇਸ਼ਨ ਕਲੱਬ" ਦੇ ਅਧੀਨ "ਕਿਸਾਨ ਨੂੰ ਮੰਦੀ ਵਿੱਚੋਂ ਕਿਵੇਂ ਕੱਢਿਆ ਜਾਵੇ ?" ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੇ ਸਾਬਕਾ ਪ੍ਰਿੰਸੀਪਲ ਅਤੇ ਅਰਥ-ਸ਼ਾਸਤਰ ਵਿਭਾਗ ਦੇ ਮੁਖੀ ਰਹੇ ਸ. ਕੁਲਵਿੰਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

## ਡੀਬੇਟ ਕਲੱਬ

ਮਿਤੀ 10-03-2016 ਨੂੰ ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸ਼ਨਜ਼, ਦਿਓਣ ਵਿਖੇ 'ਦ ਟ੍ਰਿਬਿਊਨ' ਦੁਆਰਾ 'ਗੁਗਲਾਈਜ਼ੇਸ਼ਨ ਥਮਜ਼ ਅੱਪ ਐਂਡ ਥਮਜ਼ ਡਾਊਨ' ਵਿਸ਼ੇ ਉੱਤੇ ਆਯੋਜਿਤ ਵਾਦ-ਵਿਵਾਦ ਪ੍ਰਤੀਯੋਗਤਾ ਵਿੱਚ ਕਾਲਜ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ 4000 ਰੁਪਏ ਦੀ ਨਕਦ ਰਾਸ਼ੀ ਜਿੱਤੀ । ਕਾਲਜ ਦੀ ਵਿਦਿਆਰਥਣ ਹਰਸ਼ਦੀਪ ਕੌਰ ਅਤੇ ਨਾਹੁਸ਼ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਕੇ 8000 ਰੁਪਏ ਅਤੇ 4000 ਰੁਪਏ ਦੀ ਨਕਦ ਰਾਸ਼ੀ ਪ੍ਰਾਪਤ ਕੀਤੀ ।

## ਪੀ.ਟੀ.ਏ.

ਮਾਪੇ ਅਧਿਆਪਕ ਸਭਾ ਮਾਪਿਆਂ ਅਤੇ ਅਧਿਆਪਕਾਂ ਦੀ ਇੱਕ ਸਾਂਝੀ ਸੰਸਥਾ ਹੈ ਜੋ ਕਾਲਜ ਦੇ ਸਮੁੱਚੇ

ਵਿਕਾਸ ਵਿੱਚ ਕਾਲਜ ਪ੍ਰਬੰਧਨ ਨੂੰ ਸਹਿਯੋਗ ਦਿੰਦੀ ਹੈ। ਸੈਸ਼ਨ 2015-16 ਲਈ ਕਾਰਜਕਾਰਨੀ ਚੁਣਨ ਲਈ ਪੀ.ਟੀ.ਏ ਜਨਰਲ ਹਾਊਸ ਦੀ ਇੱਕ ਮੀਟਿੰਗ 12-09-2015 ਨੂੰ ਹੋਈ ਜਿਸ ਵਿੱਚ ਤਤਕਾਲੀਨ ਪ੍ਰਿੰਸੀਪਲ ਡਾ.ਸੁਖਰਾਜ ਸਿੰਘ ਜੀ ਪ੍ਰਧਾਨ, ਸ੍ਰੀ ਹਰਮੰਦਰ ਸਿੰਘ ਆਨੰਦ ਸੀਨੀਅਰ ਮੀਤ ਪ੍ਰਧਾਨ, ਡਾ. ਰਮੇਸ਼ ਚੰਦਰ ਪਸਰੀਜਾ ਮੀਤ ਪ੍ਰਧਾਨ, ਸ੍ਰੀ ਹਰਪਾਲ ਸਿੰਘ ਸਕੱਤਰ ਅਤੇ ਪ੍ਰੋ. ਪਰਮਦੀਪ ਕੌਰ ਵਿੱਤ ਸਕੱਤਰ ਚੁਣੇ ਗਏ। ਇਸ ਸਾਲ ਪੀ.ਟੀ.ਏ ਵੱਲੋਂ ਹੇਠ ਲਿਖੇ ਕੰਮ ਕਰਵਾਏ ਗਏ।

ਸਰਕਾਰ ਦੀਆਂ ਹਦਾਇਤਾਂ ਮੁਤਾਬਿਕ 31 ਗੈਸਟ ਫੈਕਿਲਟੀ ਅਧਿਆਪਕਾਂ ਅਤੇ 14 ਨਾਨ-ਟੀਚਿੰਗ ਸਟਾਫ਼ ਮੈਬਰਾਂ ਨੂੰ ਤਨਖਾਹ ਦਿੱਤੀ ਗਈ।

ਯੂਨੀਵਰਸਿਟੀ ਵੱਲੋਂ ਕਰਵਾਏ ਗਏ ਖੇਤਰੀ ਅਤੇ ਅੰਤਰ-ਖੇਤਰੀ ਯੁਵਕ ਮੇਲੇ ਲਈ ਟੀਮਾਂ ਦੀ ਤਿਆਰੀ ਕਰਵਾਉਣ ਵਾਸਤੇ ਖਰਚ ਕੀਤਾ।

ਸਾਲਾਨਾ ਇਨਾਮ ਵੰਡ ਸਮਾਰੋਹ ਸਮੇਂ ਵਿੱਦਿਅਕ ਖੇਤਰ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਕਾਲਜ ਦੇ ਵੱਖ-ਵੱਖ ਵਿਭਾਗਾਂ ਲਈ ਪ੍ਰਿੰਟਰ ਕਮ ਸਕੈਨਰ ਲਏ ਗਏ, ਕਾਲਜ ਵਿੱਚ ਇੰਟਰਨੈੱਟ ਕੁਨੈਕਸ਼ਨ ਲਗਵਾਏ ਗਏ ਅਤੇ ਕਾਲਜ ਦਫ਼ਤਰ ਦਾ ਰਿਕਾਰਡ ਕੰਪਿਊਟਰਾਇਜ਼ਡ ਕੀਤਾ ਗਿਆ।

## ਕੈਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈੱਲ

ਮਿਤੀ 15-12-2016 ਨੂੰ ਵਿਦਿਆਰਥੀਆਂ ਨੂੰ ਕੈਰੀਅਰ ਆਪਸ਼ਨਜ ਦੀ ਜਾਣਕਾਰੀ ਦੇਣ ਲਈ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ। ਮੁੱਖ ਵਕਤਾ ਸ੍ਰੀ ਸੋਨੀ ਗੋਇਲ (Alumunus of IIM Ahmedabad) ਨੇ ਆਪਣੇ ਜੀਵਨ ਦੀਆਂ ਉਦਾਹਰਣਾਂ ਦੇਕੇ ਹੁਨਰ, ਕਾਬਲੀਅਤ, ਅਤੇ ਸ਼ੌਂਕ ਨੂੰ ਪਹਿਚਾਣਕੇ ਕੈਰੀਅਰ ਚੁਣਨ ਲਈ ਕਿਹਾ।

## ਕਾਲਜ ਲਾਇਬਰੇਰੀ

ਸੈਸ਼ਨ 2015-16 ਦੇ ਸ਼ੁਰੂ ਵਿੱਚ ਕਾਲਜ ਲਾਇਬਰੇਰੀ ਛੇ ਕਲਾਸ ਰੂਮਜ਼ ਤੋਂ ਲਾਇਬਰੇਰੀ ਲਈ ਖਾਸ ਤੌਰ ਤੇ ਬਣਾਈ ਗਈ ਨਵੀਂ ਬਿਲਡਿੰਗ ਵਿੱਚ ਸ਼ਿਫਟ ਕੀਤੀ ਗਈ। ਇਸਦਾ ਉਦਘਾਟਨ ਮਿਤੀ 22-02-2015 ਨੂੰ ਸੰਸਦੀ ਸਕੱਤਰ ਸ੍ਰੀ ਸਰੂਪ ਚੰਦ ਸਿੰਗਲਾ ਜੀ ਨੇ ਕੀਤਾ। ਇਸ ਖੁੱਲੀ ਅਤੇ ਵੱਡੀ ਇਮਾਰਤ ਸਦਕਾ ਉਹ 10000 ਕਿਤਾਬਾਂ ਸਰਕੁਲੇਸ਼ਨ ਵਿੱਚ ਲਿਆਦੀਆਂ ਜਾਂ ਰਹੀਆਂ ਹਨ ਜੋ ਥਾਂ ਦੀ ਘਾਟ ਕਾਰਨ ਬੰਦ ਪਈਆਂ ਸਨ। ਸਾਰੀਆਂ ਕਿਤਾਬਾਂ ਕੰਪਿਊਟਰ ਵਿੱਚ ਫੀਡ ਕੀਤੀਆਂ ਜਾ ਚੁੱਕੀਆਂ ਹਨ। ਲਾਇਬਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਦੀਆਂ 49232 ਕਿਤਾਬਾਂ ਮੌਜੂਦ ਹਨ ਅਤੇ ਇਸ ਸਾਲ ਕਰੀਬ 500 ਕਿਤਾਬਾਂ ਦਾ ਹੋਰ ਇਜ਼ਾਫਾ ਹੋਇਆ ਹੈ। ਇਸ ਸਮੇਂ ਵੱਖ-ਵੱਖ ਭਾਸ਼ਾਵਾਂ ਦੀਆਂ 30 ਅਖਬਾਰਾਂ ਲਾਇਬਰੇਰੀ ਵਿੱਚ ਆ ਰਹੀਆਂ ਹਨ।

## ਵਿਭਾਗਾਂ ਅਤੇ ਸਭਾਵਾਂ ਦੀਆਂ ਗਤੀਵਿਧੀਆਂ :-

**ਜ਼ੁਆਲੋਜੀ ਵਿਭਾਗ:-** ਮਿਤੀ 29-05-2015 ਨੂੰ ਇੰਟਰਨੈਸ਼ਨਲ Biodiversity Day, ਮਨਾਇਆ ਗਿਆ। ਇਸ ਮੌਕੇ ਤੇ ਏ.ਡੀ.ਸੀ. ਸ੍ਰੀ ਵਰਿੰਦਰ ਸ਼ਰਮਾ, ਡਾ. ਅਮ੍ਰਿੰਤ ਸੇਠੀ, ਡਾ. ਸੁਨੀਲ ਮਿੱਤਲ ਅਤੇ ਡਾ. ਜਤਿੰਦਰ

ਸਹਿਗਲ ਨੇ ਵਿਦਿਆਰਥੀਆਂ ਨੂੰ ਭਰਪੂਰ ਜਾਣਕਾਰੀ ਦਿੱਤੀ।
ਮਿਤੀ 05-06-2015 ਨੂੰ ਵਰਲਡ ਵਾਤਾਵਰਣ ਦਿਵਸ ਮਨਾਇਆ ਗਿਆ।
ਮਿਤੀ 11-09-2015 ਰੋਡ ਸੇਫਟੀ ਤੇ ਅਯੋਜਿਤ ਸੈਮੀਨਾਰ ਵਿੱਚ ਜਿਲ੍ਹਾ ਟਰਾਂਸਪੋਰਟ ਅਫਸਰ ਲਤੀਫ ਮੁਹੰਮਦ ਨੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਆ।
ਮਿਤੀ 21-10-2015 ਨੂੰ ਭਰੂਣ ਹੱਤਿਆ ਵਿਸ਼ੇ ਤੇ ਪੋਸਟਰ ਮੇਕਿੰਗ ਅਤੇ ਪੇਪਰ ਰੀਡਿੰਗ ਮੁਕਾਬਲੇ ਕਰਵਾਏ ਗਏ।
ਮਿਤੀ 02-02-2016 ਨੂੰ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਏ ਕੁਇਜ਼ ਮੁਕਾਬਲੇ ਵਿੱਚ ਵਿਭਾਗ ਵੱਲੋਂ ਭੇਜੀ ਗਈ ਟੀਮ ਤੀਜੇ ਸਥਾਨ ਤੇ ਰਹੀ।
ਮਿਤੀ 19-03-16 ਨੂੰ ਏਡਜ਼ ਅਤੇ ਖੂਨਦਾਨ ਤੇ ਇੰਟਰ ਕਲਾਸ ਕੁਇਜ਼ ਕੰਪੀਟੀਸ਼ਨ ਕਰਵਾਇਆ ਗਿਆ।
ਮਿਤੀ 22-04-16 ਨੂੰ 110 ਵਿਦਿਆਰਥੀ ਅਤੇ ਅਧਿਆਪਕਾਂ ਦਾ ਗਰੁੱਪ ਸਾਇੰਸ ਸਿਟੀ ਕਪੂਰਥਲਾ ਵਿਖੇ Excursion Tour ਤੇ ਗਿਆ ।

**ਫਿਲਾਸਫੀ ਮਨੋਵਿਗਿਆਨ ਐਸੋਸੀਏਸ਼ਨ:-** ਮਿਤੀ 08-08-2015 ਨੂੰ "ਕੀ ਰਾਜ ਨੂੰ ਜੀਵਨ ਲੈਣ ਦਾ ਅਧਿਕਾਰ ਹੈ" ਵਿਸ਼ੇ ਤੇ ਵਾਦ-ਵਿਵਾਦ ਪ੍ਰਤੀਯੋਗਤਾ ਕਰਵਾਈ ਗਈ।
ਮਿਤੀ 04-09-2015 " ਲੋਕਤੰਤਰ- ਭਾਰਤੀ ਸਮਾਜ ਲਈ ਵਰਦਾਨ ਜਾਂ ਸਰਾਪ" ਵਿਸ਼ੇ ਤੇ ਵਾਦ-ਵਿਵਾਦ ਪ੍ਰਤੀਯੋਗਤਾ ਕਰਵਾਈ ਗਈ।
ਮਿਤੀ 19-11-2015 ਨੂੰ ਵਰਲਡ ਫਿਲਾਸਫੀ ਡੇਅ ਤੇ ICPR ਵੱਲੋਂ ਸਪਾਂਸਰਡ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ। ਮੁੱਖ ਵਕਤਾ ਡਾ. ਬੂਟਾ ਸਿੰਘ ਬਰਾੜ ਨੇ ਨੈਤਿਕ ਦੁਵਿਧਾ ਬਾਰੇ ਡਾਰਵਿਨ ਅਤੇ ਫਰਾਇਡ ਦੇ ਸਿਧਾਤਾਂ ਅਨੁਸਾਰ ਮਨੁੱਖ ਦੇ ਵਿਵਹਾਰ ਬਾਰੇ ਚਾਨਣਾ ਪਾਇਆ।
ਮਿਤੀ 06-03-2016 ਤੋਂ 10-03-2016 ਤੱਕ ਅਕਾਦਮਿਕ ਇਤਿਹਾਸਕ ਅਤੇ ਅਧਿਆਤਮਕ ਯਾਤਰਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਸਾਲਾਸਰ, ਜੈਪੁਰ, ਪੁਸ਼ਕਰ ਅਤੇ ਅਜਮੇਰ ਸ਼ਰੀਫ਼ ਦੇ ਦਰਸ਼ਨ ਕੀਤੇ।

**ਬਾਟਨੀ ਵਿਭਾਗ :** ਮਿਤੀ 11-02-2016 ਨੂੰ ਸਲਾਦ ਕਟਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਲੜਕਿਆਂ ਸਮੇਤ ਲਗਭਗ 30 ਵਿਦਿਆਰਥੀਆਂ ਨੇ ਭਾਗ ਲਿਆ।
ਮਿਤੀ 22 ਤੋਂ 24 ਫਰਵਰੀ, 2016 ਨੂੰ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਵਿਖੇ Recent Breakthrough in Plant Sciences ਵਿਸ਼ੇ ਤੇ ਹੋਈ ਵਰਕਸ਼ਾਪ ਵਿੱਚ ਤਿੰਨ ਅਧਿਆਪਕਾਂ ਅਤੇ 36 ਵਿਦਿਆਰਥੀਆਂ ਨੇ ਭਾਗ ਲਿਆ।
ਮਿਤੀ 17-03-2016 ਨੂੰ ਪ੍ਰੋ. ਜਸਵਿੰਦਰ ਸਿੰਘ ਬਿਲਗਾ, Agriculture Department, Central University of Punjab, Bathinda. ਦਾ "Organic Gardening for the Conservation of Biodiversity Topic" ਤੇ Extension Lecture ਕਰਵਾਇਆ ਗਿਆ।

**ਅੰਗਰੇਜ਼ੀ ਵਿਭਾਗ**:- ਮਿਤੀ 04-03-2016 ਨੂੰ ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਕੁਇਜ਼ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ 5 ਟੀਮਾਂ ਨੇ ਅੰਗਰੇਜ਼ੀ ਸਾਹਿਤ, ਭਾਸ਼ਾ ਅਤੇ ਜਨਰਲ ਨਾਲੇਜ਼ ਬਾਰੇ ਆਪਣੇ

ਗਿਆਨ ਵਿੱਚ ਵਾਧਾ ਕੀਤਾ।

**ਅਰਥ-ਸ਼ਾਸਤਰ ਵਿਭਾਗ :-** ਮਿਤੀ 15-03-2016 ਨੂੰ ਸ੍ਰੀ ਨਿਰਭੈ ਸਿੰਘ ਦੁਆਰਾ ਡਾਇਰੈਕਟ ਕੀਤੀ ਗਈ ਡਾਕੂਮੈਂਟਰੀ "ਚਿੱਟਾ ਮੱਛਰ" (White Fly) ਦਿਖਾਈ ਗਈ।

**ਫਿਜ਼ਿਕਸ ਵਿਭਾਗ :-** ਮਿਤੀ 16-03-2016 ਨੂੰ ਫਿਜ਼ਿਕਸ ਵਿਭਾਗ ਵੱਲੋਂ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ। ਇਸ ਮੌਕੇ ਤੇ ਸਾਬਕਾ ਕੰਟਰੋਲਰ ਪ੍ਰੀਖਿਆਵਾਂ ਅਤੇ ਮੌਜੂਦਾ ਡਾਇਰੈਕਟਰ (ਨੇਬਰਹੁੱਡ ਕੈਂਪਸ) ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਗੁਰਮੇਲ ਸਿੰਘ ਵੱਲੋਂ 'ਨਿਊਕਲੀਅਰ ਫਿਜ਼ਿਕਸ (ਅਤੀਤ ਅਤੇ ਵਰਤਮਾਨ)' ਵਿਸ਼ੇ ਨਾਲ ਸਬੰਧਤ ਖੋਜਾਂ ਬਾਰੇ ਐਮ.ਐਸ.ਸੀ. ਦੇ ਵਿਦਿਆਰਥੀਆਂ ਨੂੰ ਚਾਨਣਾ ਪਾਇਆ।

**ਸਰੀਰਕ ਸਿੱਖਿਆ ਵਿਭਾਗ :-** ਡਾ. ਆਗਿਆਜੀਤ ਸਿੰਘ ਦੁਆਰਾ 'Psychological Factors Affecting Sports Performance' ਵਿਸ਼ੇ ਤੇ ਲੈਕਚਰ ਕਰਵਾਇਆ ਗਿਆ ।

**ਹਿਸਟਰੀ ਵਿਭਾਗ :-** ਕਾਲਜ ਦੇ ਹਿਸਟਰੀ ਵਿਭਾਗ ਵੱਲੋਂ ਮਿਤੀ 16-02-2016 ਨੂੰ 'Islamic Architecture of Punjab' ਵਿਸ਼ੇ ਤੇ ਐਕਸਟੇਸ਼ਨ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਡਾ. ਸੁਭਾਸ਼ ਪਰਿਹਾਰ ਪ੍ਰਿੰਸੀਪਲ ਗਾਂਧੀ ਮੈਮੋਰੀਅਲ ਕਾਲਜ, ਰਿਸੋਰਸ ਪਰਸਨ ਵਜੋਂ ਪਹੁੰਚੇ।

**ਸੰਗੀਤ ਵਿਭਾਗ:-**ਮਿਤੀ 18-03-2016 ਨੂੰ ਸੰਗੀਤ ਵਿਭਾਗ ਵੱਲੋਂ ਕੁਇਜ਼ ਕੰਪੀਟੀਸ਼ਨ ਕਰਵਾਇਆ ਗਿਆ । ਮਿਤੀ 19-03-2016 ਨੂੰ ਅਜੋਕੇ ਸੰਗੀਤ ਵਿੱਚ ਬਦਲਦੇ ਗੀਤ ਸ਼ਬਦਾਵਲੀ ਦੇ ਮਿਆਰ ਵਿਸ਼ੇ ਉੱਤੇ ਪੇਪਰ ਰੀਡਿੰਗ ਕਰਵਾਈ । ਉਸਤਾਦ ਅੱਲਾਰੱਖਾ ਖਾਂ ਦੇ ਜੀਵਨ ਤੇ ਡਾਕੂਮੈਂਟਰੀ ਵਿਖਾਈ ਗਈ ।

ਮਿਤੀ 11 ਤੋਂ 13 ਮਾਰਚ, 2016 ਨੂੰ 'Art of Living' (NGO) ਵੱਲੋਂ ਆਯੋਜਿਤ ਵਰਲਡ ਕਲਚਰ ਫੈਸਟੀਵਲ ਵਿੱਚ ਕਾਲਜ ਦੇ ਸੰਗੀਤ ਵਿਭਾਗ ਅਤੇ ਭੰਗੜੇ ਦੇ ਕੁੱਲ 35 ਵਿਦਿਆਰਥੀਆਂ ਨੇ ਭਾਗ ਲਿਆ।

**ਰਾਜਨੀਤੀ ਸ਼ਾਸਤਰ ਵਿਭਾਗ :-** ਅੰਤਰਰਾਸ਼ਟਰੀ ਔਰਤ ਦਿਵਸ ਦੇ ਮੌਕੇ ਤੇ 'Gender Equity' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ ।

**ਕਾਮਰਸ ਵਿਭਾਗ :** ਮਿਤੀ 22-03-2016 ਨੂੰ ਕਾਮਰਸ ਐਸੋਸੀਏਸ਼ਨ ਦੁਆਰਾ ਵੱਖ-ਵੱਖ ਵਿਸ਼ਿਆਂ ਤੇ ਪੇਪਰ ਰੀਡਿੰਗ ਮੁਕਾਬਲੇ ਦਾ ਆਯੋਜਨ ਕਰਵਾਇਆ ਗਿਆ ਜਿਸ ਵਿੱਚ 15 ਵਿਦਿਆਰਥੀਆਂ ਨੇ ਭਾਗ ਲਿਆ । ਇਸ ਮੁਕਾਬਲੇ ਵਿੱਚ ਤਨਵੀ, ਦੀਪਿਕਾ ਅਤੇ ਰਿਚਾ ਨੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ ।

## ਅਧਿਆਪਕਾਂ ਦੀਆਂ ਨਿੱਜੀ ਪ੍ਰਾਪਤੀਆਂ :-

'A teacher is always a learner' ਕਥਨ ਵਿੱਚ ਵਿਸ਼ਵਾਸ ਰੱਖਦੇ ਹੋਏ ਕਾਲਜ ਦੇ ਅਧਿਆਪਕ ਆਪਣੇ ਗਿਆਨ ਵਿੱਚ ਵਾਧਾ ਕਰਨ ਦਾ ਉਪਰਾਲਾ ਕਰਦੇ ਰਹਿੰਦੇ ਹਨ। ਸਾਲ 2015-16 ਦੀਆਂ ਸਟਾਫ਼ ਦੀਆਂ ਪ੍ਰਾਪਤੀਆਂ ਇਸ ਪ੍ਰਕਾਰ ਹਨ:-

### ਪ੍ਰੋ. ਪਰਮਦੀਪ ਕੌਰ (ਜ਼ੁਆਲੋਜੀ ਵਿਭਾਗ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਿਤੀ 19-01-2016 ਨੂੰ ਐਨ.ਐਸ.ਐਸ ਦੇ ਬੈਸਟ ਪ੍ਰੋਗਰਾਮ ਅਫਸਰ ਦੇ ਤੌਰ ਤੇ ਸਨਮਾਨਿਤ ਕੀਤਾ ਗਿਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੈਂਬਰ ਆਫ ਫੈਕਲਟੀ ਆਫ ਲਾਇਫ ਸਾਇੰਸ ਦਾ ਮੈਂਬਰ ਨਿਯੁਕਤ ਕੀਤਾ ਗਿਆ।

ਮਿਤੀ 22 ਅਤੇ 23 ਮਈ, 2015 ਨੂੰ CT Group of Institutions, ਜਲੰਧਰ ਵਿਖੇ ਕਰਵਾਈ ਗਈ International Multi-Track Conference on Sciences, Engineering and Techincal

Innovations. ਵਿੱਚ "Transgenic Animals" ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 16,17 ਅਕਤੂਬਰ, 2015 ਨੂੰ Application of Biotechnology for Sustainable development, D.A.V College Amritsar ਵਿਖੇ ਰਾਸ਼ਟਰੀ ਕਾਨਫਰੰਸ ਵਿੱਚ Application of Biotechnology, biodiversity and Sustainable development ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 20-01-2016 ਨੂੰ ICSSR ਵੱਲੋਂ ਸਪਾਂਸਰ ਰਾਸ਼ਟਰੀ ਸੈਮੀਨਾਰ ਵਿੱਚ "ਮਾਦਾ ਭਰੂਣ ਹੱਤਿਆ" ਤੇ ਪਰਚਾ ਪੜ੍ਹਿਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਾਲਜ ਵਿਕਾਸ ਕੌਂਸਲ ਅਤੇ ਫੈਕਲਟੀ ਆਫ਼ ਲਾਈਫ ਸਾਇੰਸਿਜ਼ ਦੇ ਮੈਂਬਰ ਨਿਯੁਕਤ ਕੀਤਾ ਗਿਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਾਲਜ ਵਿਕਾਸ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ।

'National Academy of Vector Borne Diseases' ਦੇ ਮੈਂਬਰ ਨਿਯੁਕਤ ਕੀਤਾ ਗਿਆ।

**ਡਾ. ਸੁਰਜੀਤ ਸਿੰਘ (ਸਰੀਰਕ ਸਿੱਖਿਆ ਵਿਭਾਗ)** ਨੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਪਿਛਲੇ ਤਿੰਨ ਸਰਕਲ ਸਟੱਡੀ ਵਰਲਡ ਕੱਪਸ ਵਿੱਚ ਆਫੀਸ਼ਲ ਦੇ ਤੌਰ ਤੇ ਸੇਵਾਵਾਂ ਨਿਭਾਈਆਂ ਅਤੇ ਸਨਮਾਨਿਤ ਕੀਤੇ ਗਏ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਗਏ ਸਰਵ ਭਾਰਤੀ ਅੰਤਰ ਯੂਨੀਵਰਸਿਟੀ ਸਰਕਲ ਸਟਾਇਲ ਕਬੱਡੀ ਟੂਰਨਾਮੈਂਟ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਟੀਮ ਦੇ ਮੈਨੇਜਰ ਵਜੋਂ ਡਿਊਟੀ ਦਿੱਤੀ ਅਤੇ ਇਹਨਾਂ ਯੂਨੀਵਰਸਿਟੀ ਵੱਲੋਂ ਸਨਮਾਨਿਤ ਕੀਤਾ ਗਿਆ।

ਨਵੰਬਰ, 2015 ਵਿੱਚ ਡਾ. ਸੁਰਜੀਤ ਸਿੰਘ ਨੇ 'Study of Psychological Characteristics of Athletes and Non Athletes at different levels of Participation' ਵਿਸ਼ੇ ਤੇ ਸਿੰਘਾਨੀਆਂ ਯੂਨੀਵਰਸਿਟੀ ਰਾਜਸਥਾਨ ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਿਲ ਕੀਤੀ।

**ਡਾ. ਰੈਨੀ (ਅੰਗ੍ਰੇਜ਼ੀ)** SLIET (Deemed University) ਤੋਂ Treatment of Nation and Nationalism : A Study of Selected Novels of Amitav Ghosh and Shashi Tharoor ਵਿਸ਼ੇ ਤੇ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ।

ਮਿਤੀ 12-09-2015 ਨੂੰ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ Contemporary Indian Reality Through Vernacular Fiction ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 20-01-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ICSSR ਸਪਾਂਸਰ ਰਾਸ਼ਟਰੀ ਸੈਮੀਨਾਰ ਵਿੱਚ Pedagogy of English Language Teachings to Rural Students of Malwa ਵਿਸ਼ੇ ਤੇ ਪਰਚਾ ਪੜ੍ਹਿਆ ਅਤੇ ਪਬਲਿਸ਼ ਹੋਇਆ।

**ਪ੍ਰੋ.ਸੀਮਾ ਗੁਪਤਾ** (ਮਨੋਵਿਗਿਆਨ) ਦਸੰਬਰ, 2015 ਵਿੱਚ ਦੇਸ਼ ਭਗਤ ਯੂਨੀਵਰਸਿਟੀ, ਗੋਬਿੰਦਗੜ੍ਹ ਤੋਂ ਐਮ.ਫਿਲ. ਦੀ ਡਿਗਰੀ ਹਾਸਲ ਕੀਤੀ। Effect of Family Climate on Internet Addiction among college students of Bathinda ਵਿਸ਼ੇ ਤੇ ਪਰਚਾ International Journal of Indian Psychology Vol.3 Issue No.5 ਵਿੱਚ ਛਪਿਆ।

**ਪ੍ਰੋ. ਜਯੋਤਸਨਾ ਸਿੰਗਲਾ (ਅੰਗ੍ਰੇਜ਼ੀ ਵਿਭਾਗ):-** ਮਿਤੀ 22 ਦਸੰਬਰ, 2015 ਨੂੰ ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਟਸ, ਦਿਉਣ ਵਿਖੇ 'Importance and Method of Systematic Documentation and Innovative Practices in NAAC SSR preparation/ Presentation' ਵਿਸ਼ੇ ਤੇ

ਐਕਸਟੈਨਸ਼ਨ ਲੈਕਚਰ ਦਿੱਤਾ।

ਮਿਤੀ 23 ਫਰਵਰੀ, 2016 ਨੂੰ ਗਿਆਨੀ ਜ਼ੈਲ ਸਿੰਘ ਇੰਜਨੀਅਰਿੰਗ ਕਾਲਜ, ਬਠਿੰਡਾ ਵਿਖੇ 'Soft Skills : Connecting Classroom to career' ਵਿਸ਼ੇ ਤੇ ਐਕਸਟੈਨਸ਼ਨ ਲੈਕਚਰ ਦਿੱਤਾ।

ਮਿਤੀ 20-01-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Dynamics of Education Scenario in Malwa Region of Punjab' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 27-01-2016 ਨੂੰ ਖਾਲਸਾ ਕਾਲਜ ਕਾਲਾ ਟਿੱਬਾ, ਅਬੋਹਰ ਵਿਖੇ ਕਾਲਜ ਵਿਕਾਸ ਕੌਂਸਲ ਪੰਜਾਬੀ ਯੂਨੀਵਰਸਿਟੀ ਵੱਲੋਂ ਸਪਾਂਸਰ ਰਾਸ਼ਟਰੀ ਸੈਮੀਨਾਰ ਵਿੱਚ 'Impact of Globalisation on English Literature with special reference to Amitaw Ghosh's The Shadow Lines' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 05-02-2016 ਨੂੰ ਡੀ.ਏ.ਵੀ ਕਾਲਜ ਗਿੱਦੜਬਾਹਾ ਵਿਖੇ ਨੈਸ਼ਨਲ ਸੈਮੀਨਾਰ ਵਿੱਚ 'A Feminist Perspective in Bapsi Sidwa's Ice Candy Man' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 27 ਅਤੇ 28 ਫਰਵਰੀ, 2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਹੋਈ ਅੰਤਰਰਾਸ਼ਟਰੀ ਕਾਨਫਰੰਸ ਵਿੱਚ 'Human Rights:- Bapsi Sidwa's Cracking India' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 12-09-2015 ਨੂੰ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Amrita Pritam's Pinjar: Depicting Plight of Woman during Partition' ਵਿਸ਼ੇ ਤੇ ਪਰਚਾ ਪੜ੍ਹਿਆ।

**ਡਾ. ਗੁਰਜੀਤ ਮਾਨ (ਫ਼ਿਲਾਸਫੀ)** ਨੇ ਦੋ ਪੀ.ਐਚ.ਡੀ. ਸਕਾਲਰਜ਼ ਨੂੰ ਗਾਈਡ ਕੀਤਾ।

ਮਿਤੀ 29 ਤੋਂ 31 ਦਸੰਬਰ, 2015 ਨੂੰ ਵੱਲੋਂ ਨਵੀ ਦਿੱਲੀ ਵਿੱਚ ਵਿੱਚ ਬਤੌਰ ਰਿਸੋਰਸ ਪਰਸਨ ਸ਼ਿਰਕਤ ਕੀਤੀ ਅਤੇ ਵਿਸ਼ੇ ਤੇ ਪਰਚਾ ਪੜ੍ਹਿਆ।

ਪੀ.ਐਚ.ਡੀ ਦੇ ਖੋਜਾਰਥੀ ਨੂੰ 'Cosmology: A Compartive Study of Gurbani and Science' ਵਿਸ਼ੇ ਤੇ ਪਰਚੇ ਸਬੰਧੀ ਸੇਧ ਦਿੱਤੀ। ਜਿਸ ਨੂੰ ਦਸੰਬਰ,2015 ਵਿੱਚ ਸਿੰਘਾਨੀਆਂ ਯੂਨੀਵਰਸਿਟੀ ਰਾਜਸਥਾਨ ਵੱਲੋ ਡਿਗਰੀ ਪ੍ਰਦਾਨ ਕੀਤੀ ਗਈ।

ਮਿਤੀ 01 ਤੋਂ 04 ਫਰਵਰੀ, 2016 ਨੂੰ ਮਗਧ ਯੂਨੀਵਰਸਿਟੀ, ਬੋਧ ਗਯਾ ਵਿਖੇ 'Sikh Epistemology: Revelation to Self-Realization' ਵਿਸ਼ੇ ਤੇ ਪਰਚਾ ਪੜ੍ਹਿਆ।

'Intuitive Knowledge as source of Self-Realization of Sikhism' ਵਿਸ਼ੇ ਤੇ ਪੇਪਰ ਗੁਰੂ ਨਾਨਕ ਸਟੱਡੀਜ਼ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਸਿੱਖ ਸਟੱਡੀਜ਼ ਜਰਨਲ ਵਿੱਚ ਪਬਲਿਸ਼ ਕੀਤਾ ਗਿਆ।

**ਡਾ. ਹਰਜਿੰਦਰ ਸਿੰਘ (ਗਣਿਤ ਵਿਭਾਗ )**"Coefficient inequality for a subclass of regular p-valent functions" ਵਿਸ਼ੇ ਦਾ ਪਰਚਾ Mathematical sciences International Research Journal Vol.4, Issue 1 2015 ਵਿੱਚ ਛਪਿਆ।

ਮਿਤੀ 18-03-2016 ਨੂੰ ਐਸ.ਡੀ ਕਾਲਜ, ਅੰਬਾਲਾ ਕੈਂਟ (ਹਰਿਆਣਾ) ਵਿਖੇ ਹੋਈ ਯੂ.ਜੀ.ਸੀ ਸਪਾਂਸਰਡ ਰਾਸ਼ਟਰੀ ਵਰਕਸ਼ਾਪ " Current Developments In Mathematics & Computer Sciences" ਵਿੱਚ ਟੈਕਨੀਕਲ ਸ਼ੈਸਨ ਦੀ ਪ੍ਰਧਾਨਗੀ ਕੀਤੀ।

ਮਿਤੀ 11-02-2016 ਨੂੰ ਡੀ.ਏ.ਵੀ ਕਾਲਜ, ਜਲੰਧਰ ਦੇ ਪੋਸਟ ਗਰੈਜੂਏਟ (ਹਿਸਾਬ ਵਿਸ਼ੇ) ਦੇ

ਵਿਦਿਆਰਥੀਆਂ ਨੂੰ ਗਣਿਤ ਵਿਸ਼ੇ ਨਾਲ ਸੰਬੰਧਤ ਟਾਪਿਕ " Introduction to Geometric Function Theory" ਤੇ ਐਕਸਟੈਂਸ਼ਨ ਲੈਕਚਰ ਦਿੱਤਾ।

ਮਿਤੀ 10-03-2016 ਨੂੰ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ, ਟਾਂਡਾ-ਉੜਮੁੜ ਜ਼ਿਲ੍ਹਾ ਹੁਸ਼ਿਆਰਪੁਰ ਦੇ ਹਿਸਾਬ ਵਿਸ਼ੇ ਦੇ ਵਿਦਿਆਰਥੀਆਂ ਨੂੰ ਗਣਿਤ ਵਿਸ਼ੇ ਨਾਲ ਸੰਬੰਧਤ ਟਾਪਿਕਸ " Curvature of Arcs" ਅਤੇ " Partitiion of Set & Equivalance Relation" ਤੇ ਦੋ ਐਕਸਟੈਂਸ਼ਨ ਲੈਕਚਰ ਦਿੱਤੇ।

ਮਿਤੀ 18-03-2016 ਨੂੰ ਐਸ.ਡੀ ਕਾਲਜ, ਅੰਬਾਲਾ ਕੈਂਟ (ਹਰਿਆਣਾ) ਵਿਖੇ ਹੋਈ ਯੂ.ਜੀ.ਸੀ ਸਪੌਂਸਰਡ ਰਾਸ਼ਟਰੀ ਵਰਕਸ਼ਾਪ " Corrent Developments In Mathematics & Computer Sciences" ਵਿੱਚ ਹਿਸਾਬ ਵਿਸ਼ੇ ਨਾਲ ਸੰਬੰਧਤ ਟਾਪਕ "Bounds For Functions With Bounded Turning" ਤੇ ਪਰਚਾ ਪੜ੍ਹਿਆ।

"Estimates of Second Hankel Determinant For Subclasses of Generalized Pascu Classes of Functions" ਨਾਲ ਸੰਬੰਧਤ ਪਰਚਾ "International Journal of Recent Scientific Research" ਦੇ Vol. 6, Issue 12, pp.7961-7967, Dec. 2015, ਵਿੱਚ ਛਪਿਆ।

ਮਿਤੀ 07 ਤੋਂ 09 ਦਸੰਬਰ, 2015 ਨੂੰ ਗੋਆ ਯੂਨੀਵਰਸਿਟੀ ਵਿਖੇ Instructional schools for Teachers ਦੇ ਵਿਸ਼ੇ ਤੇ ਵਰਕਸ਼ਾਪ ਲਗਾਈ।

ਮਲੋਟ ਵਿਖੇ, ਮਿਤੀ 13 ਤੋਂ 22 ਅਕਤੂਬਰ, 2015 ਨੂੰ ਸਾਲਾਨਾ ਐਨ.ਸੀ.ਸੀ. ਟ੍ਰੇਨਿੰਗ ਵਿੱਚ ਭਾਗ ਲਿਆ।

**ਪ੍ਰੋ. ਸੁਮਿਤ ਧੀਰ** (ਕੰਪਿਊਟਰ ਸਾਇੰਸ) ਦੀ ਪੁਸਤਕ Windows and Office Automation ਕਲਿਆਣੀ ਪਬਲੀਕੇਸ਼ਨ ਦੁਆਰਾ ਪ੍ਰਕਾਸ਼ਤ ਕੀਤੀ ਗਈ।

**ਪ੍ਰੋ. ਕਵਲਜੋਤ ਕੌਰ ਅਤੇ ਬਿੰਦੀਆ ਗੁਪਤਾ** ਦੀ ਪੁਸਤਕ Financial Instruments and Services ਕਲਿਆਣੀ ਪਬਲੀਕੇਸ਼ਨ ਦੁਆਰਾ ਪ੍ਰਕਾਸ਼ਤ ਕੀਤੀਆਂ ਗਈਆਂ।

**ਪ੍ਰੋ. ਸਰਜੀਵਨ ਕੌਰ (ਪੰਜਾਬੀ ਵਿਭਾਗ):-** ਮਿਤੀ 12-09-2015 ਨੂੰ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ ਦੇਸ਼ ਵੰਡ ਦੀ ਤ੍ਰਾਸਦੀ ਨੂੰ ਪੇਸ਼ ਕਰਦਾ ਸੋਹਣ ਸਿੰਘ ਸ਼ੀਤਲ ਦਾ 'ਤੂਤਾਂ ਵਾਲਾ ਖੂਹ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ09-12-2015 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਵਿਖੇ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਵਿੱਚ 'ਰਾਜਸੀ ਚੇਤਨਾ ਨੂੰ ਪੇਸ਼ ਕਰਦੇ ਨਾਟਕ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 10-12-2015 ਨੂੰ ਵਿਮੈਨ ਸਟੱਡੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਵਿਖੇ ਅੰਤਰਰਾਸ਼ਟਰੀ ਕਾਨਫਰੰਸ ਵਿੱਚ 'ਸਾਹਿਤ ਵਿੱਚ ਸਸ਼ਕਤੀਕਰਨ ਦਾ ਯਥਾਰਥਕ ਚਿਤਰਨ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 20-01-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'ਮਾਲਵਾ ਖੇਤਰ ਦੇ ਰੰਗਮੰਚ ਦੀਆਂ ਸਮੱਸਿਆਵਾਂ ਤੇ ਸੰਭਾਵਨਾਵਾਂ' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਹਰਦੀਪ ਕੌਰ (ਪੰਜਾਬੀ ਵਿਭਾਗ):-** ਮਿਤੀ 12-09-2015 ਨੂੰ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ ਤਲਵੰਡੀ ਸਾਬੋ ਵਿਖੇ 'Contempaorary Indian Reality through Vernacular Fiction'. ਅੰਤਰਗਤ "ਹਰਜੀਤ ਅਟਵਾਲ ਦਾ ਨਾਵਲ 'ਰੇਤ : ਇੱਕ ਅਧਿਐਨ' ਵਿਸ਼ੇ ਤੇ ਪੇਪਰ ਪੜ੍ਹਿਆ ਗਿਆ।

ਮਿਤੀ 9-12-215 ਨੂੰ ਪੰਜਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ, ਪੰਜਾਬੀ ਨਾਟਕ ਅਤੇ ਰੰਗ ਮੰਚ: ਪ੍ਰਾਪਤੀਆਂ ਤੇ ਸੰਭਾਵਨਾਵਾਂ ਜੋ ਕਿ ਪੰਜਾਬੀ ਸਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਈ ਗਈ। ਇਸ ਵਿੱਚ ਸ੍ਰੀ ਅਜਮੇਰ ਸਿੰਘ ਔਲਖ ਦੇ ਨਾਟਕ ਵਿੱਚ 'ਨਿਮਨ ਕਿਸਾਨੀ ਦੀ ਨਿਘਰਦੀ ਹਾਲਤ' (ਚੋਣਵੇ ਨਾਟਕਾਂ ਦੇ ਪ੍ਰਸੰਗ ਵਿੱਚ) ਵਿਸ਼ੇ ਤੇ ਪਰਚਾ ਪੜ੍ਹਿਆ ਗਿਆ।

ਮਿਤੀ 11-12-2015 ਨੂੰ ਵਿਮੈਨ ਸਟੱਡੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਅਯੋਜਿਤ 7th International Conference on Empowering Women, Empowering Humanity ਵਿੱਚ ਸ੍ਰੀ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚ 'ਨਾਰੀ ਸਸ਼ਕਤੀਕਰਨ ਦਾ ਯਥਾਰਥਕ ਚਿਤਰਨ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 20-01-2016 ਨੂੰ ਡੀ.ਏ.ਵੀ ਕਾਲਜ ਅਬੋਹਰ ਵਿਖੇ 'Malwa Region: Political, Economic and Socio-Cultural Aspects Problems and Solutions. ' ਵਿਸ਼ੇ ਤੇ ਸੈਨੀਮਾਰ ਕਰਵਾਇਆ ਗਿਆ। ਜਿਸ ਵਿੱਚ ਮਲਵਈ ਖਿੱਤੇ ਦੀਆਂ ਸਮੱਸਿਆਵਾਂ ( ਸ੍ਰੀ ਅਜਮੇਰ ਸਿੰਘ ਔਲਖ ਦੇ ਨਾਟਕਾਂ ਦੇ ਸੰਦਰਭ ਵਿੱਚ ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਅਰੁਣ ਗਰਗ** : ਮਿਤੀ 24-10-2015 ਤੋਂ 26-10-2015 ਨੂੰ ਸਾਂਚੀ ਯੂਨੀਵਰਸਿਟੀ ਆਫ਼ ਬੁੱਧਿਸਟ ਇੰਡਿਕ ਸਟੱਡੀਜ਼ ਵੱਲੋਂ "Harmony of Religions: Welfare of Mankind."ਵਿਸ਼ੇ ਉੱਤੇ ਆਯੋਜਿਤ ਅੰਤਰਰਾਸ਼ਟਰੀ ਧਰਮਾ-ਧੰਮਾ ਕਾਨਫਰੰਸ ਵਿੱਚ "Achieving Universal Brotherhood Through Social Science – A Humanistic Lesson from Sikh Religion" ਪਰਚਾ ਪੜ੍ਹਿਆ।

ਮਿਤੀ 23-11-2015 ਤੋਂ 05-12-2015 ਤੱਕ ਅਕਾਦਮਿਕ ਸੈਂਟਰ ਲਖਨਊ ਵਿਖੇ Indian Council of Philosophical Researchਦੁਆਰਾ Sanskrit for Philosophy ਵਿਸ਼ੇ ਤੇ ਆਯੋਜਿਤ 12 ਦਿਨਾਂ ਕੋਰਸ ਵਿੱਚ ਭਾਗ ਲਿਆ।

ਮਿਤੀ 29 ਤੋਂ 31 ਦਸੰਬਰ, 2015 ਨੂੰ ICPR ਵੱਲੋਂ ਨਵੀਂ ਦਿੱਲੀ ਵਿੱਚ Philosophy Teacher Meet for North Western Zone ਵਿੱਚ 'Multiple Identities and Crisis: AnAnalysis of Contemporary World ਵਿਸ਼ੇ ਤੇ ਪਰਚਾ ਪੜ੍ਹਿਆ।

"Judicial Protection of Human Rights in India." ISBN: 978-93-5113-702-3 ਨਾਮੀ ਪੁਸਤਕ ਵਿੱਚ "A Philosophical Deconstruction of Human Rights and its Implications on Terrorism and World Peace" ਅਧਿਆਏ ਛਪਿਆ।

ਮਿਤੀ 01 ਤੋਂ 04 ਫਰਵਰੀ, 2016 ਨੂੰ ਮਗਧ ਯੂਨੀਵਰਸਿਟੀ, ਬੋਧ ਗਯਾ ਵਿਖੇ ਇੰਡੀਅਨ ਫ਼ਿਲਾਸਫੀਕਲ ਕਾਨਫਰੰਸ ਦੌਰਾਨ "Philosophical Challenges in Mathematics: An Overview of the Major Issues in Philosophy of Mathematics" ਵਿਸ਼ੇ ਤੇ ਪਰਚਾ ਪੜ੍ਹਿਆ।

**ਡਾ. ਮਨੋਨੀਤ ਕੌਰ:-** ਮਿਤੀ 20-01-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Impact of Music on Neurological Disorders in Malwa Region' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 27-01-2016 ਨੂੰ ਕਾਲਜ ਵਿਕਾਸ ਕੌਂਸਲ ਪੰਜਾਬੀ ਯੂਨੀਵਰਸਿਟੀ ਵੱਲੋਂ ਸਪਾਂਸਰ ਰਾਸ਼ਟਰੀ ਸੈਮੀਨਾਰ ਵਿੱਚ "ਵਿਸ਼ਵੀਕਰਨ ਦਾ ਸੱਭਿਆਚਾਰ ਅਤੇ ਗੀਤ ਸ਼ਬਦਾਵਲੀ ਤੇ ਪ੍ਰਭਾਵ" ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 05-02-2016 ਨੂੰ ਡੀ.ਏ.ਵੀ. ਕਾਲਜ ਗਿੱਦੜਬਾਹਾ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Contemporary Music in Folk Literature' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 12-02-2016 ਨੂੰ ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਬਠਿੰਡਾ, ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Music as an Essential Part of Education' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 28-02-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ 'Intellectual Property Rights with

special reference to Music Industry' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 12 ਅਤੇ 13-02-2016 ਨੂੰ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਵਿਖੇ ਹੋਏ ਰਾਸ਼ਟਰੀ ਸੈਮੀਨਾਰ ਵਿੱਚ 'Music Education As an indispensible Part of Education' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 02-03-2016 ਨੂੰ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਵਿਖੇ, ਇੱਕ ਰੋਜ਼ਾ ਸੈਮੀਨਾਰ ਵਿੱਚ 'Concept of Equality Vis-à-vis Social Justice with Special Reference to Professsional Growth of Women Artistes in India'. ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਗੁਰਸ਼ਰਨ ਕੌਰ ਚੀਮਾ (ਅਰਥ-ਸ਼ਾਸਤਰ):-** ਮਿਤੀ 20-01-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Economic Conditions of Malwa-An Overview' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 27-01-2016 ਨੂੰ ਖਾਲਸਾ ਕਾਲਜ ਕਾਲਾ ਟਿੱਬਾ, ਅਬੋਹਰ ਵਿਖੇ ਕਾਲਜ ਵਿਕਾਸ ਕੌਂਸਲ ਪੰਜਾਬੀ ਯੂਨੀਵਰਸਿਟੀ ਵੱਲੋਂ ਸਪਾਂਸਰ ਰਾਸ਼ਟਰੀ ਸੈਮੀਨਾਰ ਵਿੱਚ 'Impact of Globalisation' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 05-02-2016 ਨੂੰ ਡੀ.ਏ.ਵੀ. ਕਾਲਜ ਗਿੱਦੜਬਾਹਾ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Gender Dicrimination- A Legal Perspective' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 27 ਅਤੇ 28 ਫਰਵਰੀ, 2016 ਨੂੰ ਡੀ.ਏ.ਵੀ ਕਾਲਜ ਅਬੋਹਰ ਵਿਖੇ ਹੋਈ ਅੰਤਰਰਾਸ਼ਟਰੀ ਕਾਨਫਰੰਸ ਵਿੱਚ 'Prostitution-Right to livelihood-Economic and Legal Issues' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਹਰਜੀਤ ਕੌਰ :-(ਪੰਜਾਬੀ ਵਿਭਾਗ)** ਮਿਤੀ 20-01-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਹੋਏ ਨੈਸ਼ਨਲ ਸੈਮੀਨਾਰ ਵਿੱਚ 'ਪੰਜਾਬ ਦਾ ਮਾਲਵਾ ਖੇਤਰ, ਨਾਮਕਰਨ ਦਾ ਇਤਿਹਾਸ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 27-01-2016 ਨੂੰ ਭਾਗ ਸਿੰਘ ਕਾਲਜ ਅਬੋਹਰ, ਵਿਖੇ ਇੱਕ ਰੋਜ਼ਾ ਨੈਸ਼ਨਲ ਸੈਮੀਨਾਰ ਵਿੱਚ 'ਵਿਸ਼ਵੀਕਰਨ ਦਾ ਬੁਣਾਈ ਤੇ ਕਢਾਈ ਦੀ ਕਲਾ' ਉੱਪਰ ਪ੍ਰਭਾਵ ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 04 ਫਰਵਰੀ, 2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਕਰਵਾਏ ਗਏ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਵਿੱਚ 'ਸੁਖਵਿੰਦਰ ਅੰਮ੍ਰਿਤ ਦੇ ਕਾਵਿ ਵਿੱਚ ਨਾਰੀ ਸੰਵੇਦਨਾ' ਤੇ ਪਰਚਾ ਪੜ੍ਹਿਆ।

ਮਿਤੀ 05-02-2016 ਨੂੰ ਐਮ.ਐਸ.ਡੀ. ਡੀ.ਏ.ਵੀ. ਕਾਲਜ ਗਿੱਦੜਬਾਹਾ ਵਿਖੇ ਇੱਕ ਰੋਜ਼ਾ ਨੈਸ਼ਨਲ ਸੈਮੀਨਾਰ ਵਿੱਚ 'ਅੰਮ੍ਰਿਤਾ ਪ੍ਰੀਤਮ ਕਾਵਿ ਦੀ ਨਾਰੀ ਚੇਤਨਾ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 12,13-02-2016 ਨੂੰ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਵਿਖੇ 'ਮੁੱਢਲੀ ਸਿੱਖਿਆ ਦੇ ਅਧਿਕਾਰ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 27,28-02-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵੱਲੋਂ ਕਰਵਾਏ ਗਏ ਅੰਤਰਾਸ਼ਟਰੀ ਸੈਮੀਨਾਰ 'ਮੁੱਢਲੀ ਸਿੱਖਿਆ ਦੇ ਅਧਿਕਾਰ ਵਿੱਚ ਔਰਤ ਦੀ ਸਥਿਤੀ ਤੇ ਸਿਆਸੀ ਦਾਅਵੇ' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਰਵਿੰਦਰ ਕੌਰ (ਅਰਥ-ਸ਼ਾਸਤਰ ਵਿਭਾਗ):-** ਮਿਤੀ 20-01-2016 ਨੂੰ ਡੀ.ਏ.ਵੀ ਕਾਲਜ ਅਬੋਹਰ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'ਸਮਾਜਿਕ ਆਰਥਿਕ ਕਾਰਣ- ਅਸੰਤੁਲਿਤ ਲਿੰਗ ਅਨੁਪਾਤ' ਵਿਸ਼ੇ ਤੇ ਪਰਚਾ ਪੜ੍ਹਿਆ।

ਮਿਤੀ 10-12-2015 ਨੂੰ ਵਿਮੈਨ ਸਟੱਡੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਵਿਖੇ ਅੰਤਰਰਾਸ਼ਟਰੀ ਕਾਨਫਰੰਸ ਵਿੱਚ 'Role of Women in Sustainable Development' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਬਲਵੀਰ ਕੌਰ :- (ਰਾਜਨੀਤੀ ਸ਼ਾਸਤਰ ਵਿਭਾਗ)** ਮਿਤੀ 27-01-2016 ਨੂੰ ਭਾਗ ਸਿੰਘ ਕਾਲਜ, ਕਾਲਾ ਟਿੱਬਾ, (ਅਬੋਹਰ) ਵਿਖੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਵਿੱਚ "Impact of Globalization on Indian Society" ਵਿਸ਼ੇ ਤੇ ਪਰਚਾ ਪੜ੍ਹਿਆ ਤੇ ਪ੍ਰਕਾਸ਼ਿਤ ਹੋਇਆ।

ਮਿਤੀ 27,28-02-2016 ਨੂੰ ਡੀ.ਏ.ਵੀ. ਕਾਲਜ ਅਬੋਹਰ ਵਿਖੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਵਿੱਚ 'Human Rights Violation against Women-Causes & Remidies' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਅਰੁਣ ਬਾਲਾ (ਅੰਗ੍ਰੇਜ਼ੀ ਵਿਭਾਗ):-** ਮਿਤੀ 12-09-2015 ਨੂੰ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Feminist Perspective in Stories of Ajit Kaur' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਗੁਰਸ਼ਰਨ ਮਾਨ (ਅੰਗਰੇਜ਼ੀ ਵਿਭਾਗ)** ਮਿਤੀ 12-09-2015 ਨੂੰ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ 'Redifining Self: A Study of Two Short Stories from the Vernaculars' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਗੁਰਪ੍ਰੀਤ ਕੌਰ ਸਿੱਧੂ (ਫਿਜ਼ਿਕਸ ਵਿਭਾਗ):-** ਮਿਤੀ 27-01-2016 ਨੂੰ ਖਾਲਸਾ ਕਾਲਜ ਕਾਲਾ ਟਿੱਬਾ, ਅਬੋਹਰ ਵਿਖੇ ਕਾਲਜ ਵਿਕਾਸ ਕੌਂਸਲ ਪੰਜਾਬੀ ਯੂਨੀਵਰਸਿਟੀ ਵੱਲੋਂ ਸਪਾਂਸਰ ਰਾਸ਼ਟਰੀ ਸੈਮੀਨਾਰ ਵਿੱਚ 'Role of Nanotecnology in Globalisation' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਅਮਲਾ ਸ਼ਰਮਾ :- (ਸੰਗੀਤ ਵਿਭਾਗ)** ਯੁੱਗਸ਼ਿਲਪੀ ਰਿਸਰਚ ਜਰਨਲ ਆਫ਼ ਹਿਊਮੈਨਟੀਜ਼ ਅਤੇ ਸੋਸ਼ਲ ਸਾਇੰਸਿਜ਼ Vol No. 9 Issue 20 ਵਿੱਚ 'ਸਾਂਗੀਤਿਕ ਅਭਿਰੁਚੀ ਨਿਰਮਾਣ ਮੇਂ ਸਹਾਇਕ ਤਤਵੋਂ ਕੀ ਭੂਮਿਕਾ' ਵਿਸ਼ੇ ਤੇ ਪਰਚਾ ਛਪਿਆ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਰਟ ਐਂਡ ਕਲਚਰਲ ਫੈਕਿਲਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ।

**ਪ੍ਰੋ. ਜਗਦੀਸ਼ ਕੌਰ ਅਤੇ ਪ੍ਰੋ. ਸਿਕੰਦਰਜੀਤ ਸਿੰਘ (ਜੌਗਰਫੀ ਵਿਭਾਗ) :-** ਮਿਤੀ 10-02-2016 ਨੂੰ ਦਸ਼ਮੇਸ਼ ਖਾਲਸਾ ਕਾਲਜ, ਮਲੋਟ ਦੁਆਰਾ ਕਰਵਾਏ ਗਏ ਨੈਸ਼ਨਲ ਸੈਮੀਨਾਰ ਵਿੱਚ 'Impact of Argiculture on Social Structure of Punjab' ਵਿਸ਼ੇ ਤੇ ਪਰਚਾ ਪੜ੍ਹਿਆ।

**ਪ੍ਰੋ. ਗੁਰਜੀਤ ਕੌਰ:-(ਬਾਟਨੀ ਵਿਭਾਗ) :-**ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਾਟਨੀ ਵਿਭਾਗ ਵੱਲੋਂ ਮਿਤੀ 20 ਤੋਂ 26 ਦਸੰਬਰ, 2015 ਨੂੰ Systematics of Plants and Microbes ਵਿਸ਼ੇ ਤੇ ਵਰਕਸ਼ਾਪ ਵਿੱਚ ਭਾਗ ਲਿਆ। ਮਿਤੀ 18-08-2015 ਨੂੰ ਪੰਜਾਬ ਬਾਇਓਡਾਈਵਰਸਟੀ ਬੋਰਡ ਵੱਲੋਂ Biodiversity Act 2002 ਬਾਰੇ ਵਰਕਸ਼ਾਪ ਲਗਾਈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੈਂਬਰ ਆਫ ਫੈਕਲਟੀ ਆਫ਼ ਲਾਈਫ਼ ਸਾਇੰਸ ਦਾ ਮੈਂਬਰ ਨਿਯੁਕਤ ਕੀਤਾ ਗਿਆ।

# DECLARATION

Form - IV

(Rule - 8)

| | | |
|---|---|---|
| Place of Publication | : | Bathinda |
| Name of the Magazine | : | The Rajindra |
| Registration No. | : | 312/1957 |
| Periodicity of Publication | : | Yearly |
| Name of the Printer | : | Subhash Mittal Printing Press, Bathinda |
| Name of the Publisher | : | Principal Dr. Sukhraj Singh |
| Name of Editor in Chief | : | Prof. Arun Bala Associate Professor, Department of English |
| Nationality | : | Indian |
| Address | : | Govt. Rajindra College, Bathinda. |
| Name & Address of the Owner of the Magazine | : | Principal Govt. Rajindra College, Bathinda. |

I, Arun Bala, hereby declare that the particulars given above are true to the best of my knowledge and belief.

Arun Bala

Subhash Mittal Printing Press

Hospital Bazar, Bathinda, Ph.: 0164-2255022, 5001022

# ਸੰਪਾਦਕੀ ਮੰਡਲ 2015-16



ਪ੍ਰੋ. ਜਗਜੀਵਨ ਕੌਰ (ਸਪੋਰਟਸ), ਪ੍ਰੋ. ਗੁਰਸ਼ਰਨ ਕੌਰ (ਅੰਗਰੇਜ਼ੀ),ਡਾ. ਊਸ਼ਾ ਕਿਰਨ (ਹਿੰਦੀ), ਪ੍ਰੋ. ਪਰਮਦੀਪ ਕੌਰ (ਐਨ.ਐਸ.ਐਸ.)
ਪ੍ਰੋ. ਅਰੁਨ ਬਾਲਾ (ਮੁੱਖ ਸੰਪਾਦਕ ਅਤੇ ਕਾਲਜ ਦਰਪਣ) ਪ੍ਰਿੰਸੀਪਲ ਡਾ. ਸੁਖਰਾਜ ਸਿੰਘ, ਡਾ. ਰਮੇਸ਼ ਪਸਰੀਜਾ (ਵਾਈਸ ਪ੍ਰਿੰਸੀਪਲ),
ਪ੍ਰੋ. ਸਿਮਰਜੀਤ ਕੌਰ (ਸਾਇੰਸ), ਡਾ. ਰਾਜਕੁਮਾਰ (ਕਾਮਰਸ) ਪ੍ਰੋ. ਗੁਰਜੀਤ ਮਾਨਸ਼ਾਹੀਆ (ਪੰਜਾਬੀ)
ਅਮਨਦੀਪ ਕੌਰ (ਅੰਗਰੇਜ਼ੀ), ਸਫੀਆ ਖਾਨ (ਸਪੋਰਟਸ), ਪੁਲਕਿਤ ਵਾਲੀਆ (ਐਨ.ਐਸ.ਐਸ.), ਹਰਸ਼ਪ੍ਰੀਤ ਕੌਰ (ਸਾਇੰਸ)
ਨਿਧੀ ਮਿੱਤਲ (ਕਾਮਰਸ), ਸੁਖਦੀਪ ਕੌਰ (ਕਾਲਜ ਦਰਪਣ), ਗੁਰਧਿਆਨ ਸਿੰਘ (ਪੰਜਾਬੀ)

## ਸਾਲਾਨਾ ਕਨਵੋਕੇਸ਼ਨ ਅਤੇ ਇਨਾਮ ਵੰਡ ਸਮਾਰੋਹ ਮੌਕੇ ਪੁੱਜੇ ਸਤਿਕਾਰਤ ਮਹਿਮਾਨ
## ਸ ਸੁਰਜੀਤ ਸਿੰਘ ਰੱਖੜਾ ਅਤੇ ਸ੍ਰੀ ਸਰੂਪ ਚੰਦ ਸਿੰਗਲਾ

